ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
easyvisa
8194 828282

ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ ਅਮਨਦੀਪ ਮਹਿਰਾ

ਸ਼ੁੱਕਰਵਾਰ 19 ਅਪ੍ਰੈਲ 2024

EDUCATING LIT ERATES
LALLY
Infosys
Since 1997
Group of Institutions
ISO 9001-2015 Certified
Serving Society with Quality Education
STUDY ABROAD
LALLY BUILDING, BMC CHOWK
JALANDHAR 98889-00011

R.N.I.Punpun/29016/2008 * ਸਾਲ 15 * ਅੰਕ : 325 * ਮੁੱਲ ; 5.00 ਰੁਪਏ * ਕੁੱਲ ਪੇਜ਼ 10 * ਦਫਤਰ : 0181-2211009 * : M 99155-94111

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
easyvisa | 8194 828282

## ਕਿਸਾਨਾਂ ਦੇ ਟਰੇਨ ਪਟੜੀਆਂ ਤੇ ਧਰਨੇ ਕਾਰਨ ਕਈ ਰੇਲ ਗੱਡੀਆਂ ਹੋਇਆ ਰੱਦ



**ਚੰਡੀਗੜ੍ਹ, ਵਿਨੋਦ ਸ਼ਰਮਾ-** ਹਰਿਆਣਾ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਤਿੰਨ ਕਿਸਾਨਾਂ ਦੀ ਰਿਹਾਈ ਲਈ ਅੱਜ ਦੂਜੇ ਦਿਨ ਰੇਲ ਪਟੜੀਆਂ ‘ਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਬੈਨਰ ਹੇਠ ਕਿਸਾਨਾਂ ਦਾ ਧਰਨਾ ਜਾਰੀ ਰਿਹਾ। ਕਿਸਾਨ ਆਪਣੀਆਂ ਮੰਗਾਂ ਲਈ ਪੰਜਾਬ-ਹਰਿਆਣਾ ਸਰਹੱਦ ਨੇੜੇ ਪਟਿਆਲਾ ਜ਼ਿਲ੍ਹੇ ਦੇ ਸ਼ੰਭੂ ਵਿੱਚ ਰੇਲਵੇ ਲਾਈਨ ‘ਤੇ ਬੈਠੇ ਹੋਏ ਹਨ। ਕਿਸਾਨਾਂ ਦਾ ਵਿਰੋਧ ਜਾਰੀ ਰਹਿਣ ‘ਤੇ ਅੰਬਾਲਾ ਰੇਲਵੇ ਡਿਵੀਜ਼ਨ ਦੇ ਰੇਲਵੇ ਅਧਿਕਾਰੀਆਂ ਨੇ ਦੱਸਿਆ ਕਿ 53 ਰੇਲ ਗੱਡੀਆਂ ਨੂੰ ਰੱਦ ਕਰ ਦਿੱਤਾ ਗਿਆ।

## ਪੰਜਾਬ ਪੁਲਿਸ ਦਾ ਕਾਰਨਾਮਾ ਮਸ਼ਹੂਰ ਗੈਂਗਸਟਰ ਹਸਪਤਾਲ ਵਿਚੋਂ ਹੋਇਆ ਫ਼ਰਾਰ



**ਤਰਨਤਾਰਨ, ਰਵੀ ਕਰਨ -** ਇਥੋਂ ਦੇ ਸਿਵਲ ਹਸਪਤਾਲ ਵਿਚ ਦਾਖਲ ਗੈਂਗਸਟਰ ਚਰਨਜੀਤ ਸਿੰਘ ਉਰਫ ਰਾਜੂ ਸ਼ੂਟਰ ਵਾਸੀ ਸੰਘਾ ਆਪਣੇ ਤਿੰਨ ਹਥਿਆਰਬੰਦ ਸਾਥੀਆਂ ਦੀ ਮਦਦ ਨਾਲ ਬੀਤੀ ਰਾਤ ਫ਼ਰਾਰ ਹੋ ਗਿਆ। ਇਲਾਕੇ ਦੇ ਪਿੰਡ ਢੋਟੀਆਂ ਦੀ ਸਟੇਟ ਬੈਂਕ ਆਫ਼ ਇੰਡੀਆ ਸਾਖਾ ‘ਚ ਡਕੈਤੀ ਕੋਸ਼ਿਸ਼ ਤੋਂ ਇਲਾਵਾ ਦਰਜਨ ਦੇ ਕਰੀਬ ਅਪਰਾਧੀ ਵਾਰਦਾਤਾਂ ਵਿਚ ਸ਼ਾਮਲ ਰਾਜੂ ਸ਼ੂਟਰ ਨੂੰ ਕੁਝ ਚਿਰ ਪਹਿਲਾਂ ਤਰਨ ਤਾਰਨ ਦੀ ਸੀਆਈਏ ਸਟਾਫ਼ ਪੁਲੀਸ ਨੇ ਝਬਾਲ ਇਲਾਕੇ ਤੋਂ ਮੁਕਾਬਲੇ ਵਿਚ ਗ੍ਰਿਫ਼ਤਾਰ ਕੀਤਾ ਸੀ। ਉਹ ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਵਿਚ ਬੰਦ ਸੀ ਅਤੇ ਉਸ ਦੀ ਲੱਤ ਵਿਚ ਪਿਆ ਸਰੀਆ ਬਾਹਰ ਕੱਢਣ ਲਈ ਜੇਲ੍ਹ ਅਧਿਕਾਰੀਆਂ ਨੇ ਉਸ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਸੀ।

## ਬੱਚੀ ਦੇ ਕਤਲ ਮਾਮਲੇ ਵਿੱਚ ਦੋਸ਼ੀ ਔਰਤ ਨੂੰ ਹੋਈ ਮੌਤ ਦੀ ਸਜ਼ਾ



**ਲੁਧਿਆਣਾ, ਸੁਖਚੈਨ ਮਹਿਰਾ-** ਇਥੇ ਢਾਈ ਸਾਲਾ ਬੱਚੀ ਦਿਲਰੋਜ਼ ਨੂੰ ਜ਼ਿੰਦਾ ਦਫਨਾਉਣ ਦੇ ਮਾਮਲੇ ਵਿਚ ਅਦਾਲਤ ਨੇ ਉਸ ਦੀ ਗੁਆਂਢਣ ਨੀਲਮ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਅਦਾਲਤ ਵਿਚ ਇਸ ਦੋਸ਼ ਨੂੰ ਸਾਬਤ ਕਰਨ ਲਈ 25 ਤੋਂ ਵੱਧ ਗਵਾਹ ਪੇਸ਼ ਕੀਤੇ ਗਏ ਸਨ। ਮੁਲਜ਼ਮ ਨੀਲਮ ਨੇ 28 ਨਵੰਬਰ ਨੂੰ ਸ਼ਿਮਲਾਪੁਰੀ ਇਲਾਕੇ ‘ਚੋਂ ਬੱਚੀ ਦਿਲਰੋਜ਼ ਨੂੰ ਸਕੂਟਰੀ ‘ਤੇ ਅਗਵਾ ਕਰਕੇ ਸਲੇਮ ਟਾਬਰੀ ਇਲਾਕੇ ‘ਚ ਟੋਆ ਪੁੱਟ ਕੇ ਜਿਊਂਦੇ ਹੀ ਦੱਬ ਕੇ ਕਤਲ ਕਰ ਦਿੱਤਾ ਸੀ। ਇਸ ਦੌਰਾਨ ਦਿਲਰੋਜ਼ ਦੇ ਪਿਤਾ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਆਪਣੇ ਬੱਚੇ ਲਈ ਬਾਜ਼ਾਰ ਤੋਂ ਖਿਡੌਣੇ ਲਿਆਉਂਦਾ ਸੀ, ਨੀਲਮ ਨੂੰ ਇਹ ਪਸੰਦ ਨਹੀਂ ਸੀ।

## ਪੰਜਾਬ ਚ ਡਿੱਗੀ ਛੱਤ ਕਈ ਮਜ਼ਦੂਰ ਹੋਏ ਜ਼ਖਮੀ



**ਚੰਡੀਗੜ੍ਹ, ਵਿਨੋਦ ਸ਼ਰਮਾ-** ਅੱਜ ਇੱਥੇ ਰੂਪਨਗਰ ਦੀ ਪ੍ਰੀਤ ਕਲੋਨੀ ਵਿਖੇ ਜੈੱਕਾਂ ਦੀ ਮੱਦਦ ਨਾਲ ਪੁਰਾਣੇ ਮਕਾਨ ਦਾ ਲੈਂਟਰ ਉੱਚਾ ਚੁੱਕਦੇ ਸਮੇਂ ਛੱਤ ਡਿੱਗਣ ਕਾਰਨ ਅੱਧੀ ਦਰਜਨ ਦੇ ਕਰੀਬ ਮਜ਼ਦੂਰ ਮਲਬੇ ਹੇਠ ਦੱਬ ਗਏ। ਜ਼ਿਲ੍ਹਾ ਰੂਪਨਗਰ ਪ੍ਰਸ਼ਾਸਨ ਅਤੇ ਪੁਲੀਸ ਅਧਿਕਾਰੀਆਂ ਦੀ ਟੀਮ ਨੇ ਮੌਕੇ ‘ਤੇ ਪੁੱਜ ਕੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਗੁਆਂਢੀ ਸੂਬੇ ਹਰਿਆਣਾ ਦੇ ਠੇਕੇਦਾਰ ਵੱਲੋਂ ਮਜ਼ਦੂਰਾਂ ਦੀ ਮਦਦ ਨਾਲ ਪੁਰਾਣੇ ਮਕਾਨ ਦੇ ਲੈਂਟਰ ਨੂੰ ਉੱਚਾ ਚੁੱਕਣ ਦਾ ਯਤਨ ਕੀਤਾ ਜਾ ਰਿਹਾ ਸੀ।

## ਈਡੀ ਨੇ ਸ਼ਿਲਪਾ ਸ਼ੈਟੀ ਤੇ ਉਸਦੇ ਪਤੀ ਦੀ ਜਾਇਦਾਦ ਕੀਤੀ ਜ਼ਬਤ

**ਦਿੱਲੀ -**ਅਦਾਕਾਰਾ ਸ਼ਿਲਪਾ ਸ਼ੈੱਟੀ ਦੇ ਪਤੀ ਰਾਜ ਕੁੰਦਰਾ ਇੱਕ ਵਾਰ ਫਿਰ ਮੀਡੀਆ ਦੀਆਂ ਸੁਰਖੀਆਂ ਵਿੱਚ ਆ ਗਏ ਹਨ। ਵੀਰਵਾਰ ਨੂੰ ਈਡੀ ਯਾਨੀ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਉਸ ਦੀ 97.79 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ। ਇਨ੍ਹਾਂ ‘ਚ ਰਾਜ ਕੁੰਦਰਾ ਅਤੇ ਸ਼ਿਲਪਾ ਸ਼ੈੱਟੀ ਦਾ ਜੁਹੂ ਬੰਗਲਾ ਵੀ ਅਟੈਚ ਕੀਤਾ ਗਿਆ ਹੈ, ਜਿੱਥੇ ਇਹ ਜੋੜਾ ਪਰਿਵਾਰ ਨਾਲ ਰਹਿੰਦਾ ਹੈ। ਰਾਜ ਕੁੰਦਰਾ ਦਾ ਇਹ ਘਰ ਸ਼ਿਲਪਾ ਸ਼ੈੱਟੀ ਦੇ ਨਾਂ ‘ਤੇ ਹੈ।

## ਪੰਜਾਬ ਵਿੱਚ ਨਸ਼ੇ ਕਾਰਨ ਇਕ ਹੋਰ ਨੌਜਵਾਨ ਦੀ ਹੋਈ ਮੌਤ

ਕੋਟਕਪੂਰਾ -ਫਰੀਦਕੋਟ ਦੇ ਹਲਕਾ ਕੋਟਕਪੂਰਾ ਵਿਚ 28 ਸਾਲ ਨੌਜਵਾਨ ਦੀ ਨਸ਼ੇ ਕਾਰਨ ਦੁਖਦਾਈ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਮਨਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਵਜੋਂ ਹੋਈ ਹੈ। ਮਨਿੰਦਰ ਸਿੰਘ ਦੇ ਚਾਚਾ ਸਰਬਜੀਤ ਸਿੰਘ ਨੇ ਦੱਸਿਆ ਮੇਰੇ ਦੋਨੇ ਭਤੀਜੇ ਨਸ਼ੇ ਦੀ ਦਲਦਲ ਵਿਚ ਫਸੇ ਹੋਏ ਸਨ। ਅੱਜ ਮਨਿੰਦਰ ਸਿੰਘ ਦੀ ਮੌਤ ਹੋ ਗਈ ਹੈ ਅਤੇ ਉਸ ਦਾ ਛੋਟਾ ਭਰਾ ਵੀ ਨਸ਼ੇ ਦੀ ਦਲਦਲ ਵਿਚ ਫਸਿਆ ਹੋਇਆ ਹੈ।

## ਅੱਜ ਉੱਤਰ -ਪੂਰਬ ‘ਚ ਪੈਣਗੀਆਂ ਪਹਿਲੇ ਪੜਾਅ ਦੀਆਂ ਵੋਟਾਂ



**ਨਵੀਂ ਦਿੱਲੀ, -** ਲੋਕ ਸਭਾ ਚੋਣਾਂ ਦੇ ਪਹਿਲੇ ਪੜਾਅ ਤਹਿਤ ਭਲਕੇ 19 ਅਪ੍ਰੈਲ ਨੂੰ 21 ਰਾਜਾਂ ਦੀਆਂ 102 ਸੀਟਾਂ ‘ਤੇ ਵੋਟਿੰਗ ਹੋਵੇਗੀ। ਇਸ ਵਾਰ ਚੋਣਾਂ ‘ਚ ਸਾਰਿਆਂ ਦੀ ਨਜ਼ਰ ਉੱਤਰ ਪੂਰਬ ‘ਤੇ ਹੈ। ਸੀ.ਏ.ਏ. ਨੂੰ ਲੈ ਕੇ ਆਸਾਮ ਵਿਚ ਲੰਬੇ ਸਮੇਂ ਤੋਂ ਸਿਆਸੀ ਉਥਲ-ਪੁਥਲ ਚੱਲ ਰਹੀ ਹੈ। ਇਸ ਦੇ ਨਾਲ ਹੀ ਮਨੀਪੁਰ ‘ਚ ਲੰਬੇ ਸਮੇਂ ਤੋਂ ਹਿੰਸਾ ਚੱਲ ਰਹੀ ਹੈ। ਹਿੰਸਾ ਦਾ ਅਸਰ ਉੱਤਰ ਪੂਰਬ ਦੀਆਂ 11 ਸੀਟਾਂ ‘ਤੇ ਦੇਖਿਆ ਜਾ ਸਕਦਾ ਹੈ।

ਪੰਜਾਬ ਦੇ ਹਰ ਜਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਈਡੀ ਵੱਲੋਂ ਇੱਕ ਹੋਰ ਆਪ ਵਿਧਾਇਕ ਗ੍ਰਿਫਤਾਰ



ਨਵੀਂ ਦਿੱਲੀ- ਆਮ ਆਦਮੀ ਪਾਰਟੀ ਦੇ ਇੱਕ ਵਿਧਾਇਕ ਅਮਾਨਤੁੱਲਾ ਖਾਨ ਨੂੰ 54 ਨੇ ਗ੍ਰਿਫਤਾਰ ਕਰ ਲਿਆ ਹੈ। ਇਹ ਖ਼ਬਰ ਐਨਡੀਟੀਵੀ ਦੇ ਹਵਾਲੇ ਨਾਲ ਸਾਹਮਣੇ ਆਈ ਹੈ। ਅਮਾਨਤੁੱਲਾ ਖਾਨ ਨੂੰ ਵਕਫ਼ ਬੋਰਡ ਨਿਯੁਕਤੀ ਘੁਟਾਲੇ ਵਿੱਚ ਪੀਐਮਐਲਏ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ।

ਈਡੀ ਨੇ ਕਰੀਬ 9 ਘੰਟੇ ਦੀ ਪੁੱਛਗਿੱਛ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ। ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਵੀਰਵਾਰ (18 ਅਪ੍ਰੈਲ) ਨੂੰ ਵਿਧਾਇਕ ਅਮਾਨਤੁੱਲਾ ਖਾਨ ਪੁੱਛਗਿੱਛ ਲਈ ਈਡੀ ਸਾਹਮਣੇ ਪੇਸ਼ ਹੋਏ।

ਅਮਾਨਤੁੱਲਾ ਖਾਨ 'ਤੇ ਦਿੱਲੀ ਵਕਫ਼ ਬੋਰਡ ਦੇ ਚੇਅਰਮੈਨ ਵਜੋਂ 32 ਲੋਕਾਂ ਦੀ ਗੈਰ-ਕਾਨੂੰਨੀ ਭਰਤੀ ਕਰਨ ਦਾ ਦੋਸ਼ ਹੈ। ਇਸ ਦੇ ਨਾਲ ਹੀ ਉਸ ਨੇ ਦਿੱਲੀ ਵਕਫ਼ ਬੋਰਡ ਦੀਆਂ ਕਈ ਜਾਇਦਾਦਾਂ ਨੂੰ ਨਾਜਾਇਜ਼ ਤੌਰ 'ਤੇ ਕਿਰਾਏ 'ਤੇ ਦਿੱਤਾ ਹੋਇਆ ਹੈ। ਇਹ ਵੀ ਦੋਸ਼ ਹੈ ਕਿ ਉਸ ਨੇ ਦਿੱਲੀ ਵਕਫ਼ ਬੋਰਡ ਦੇ ਫੰਡਾਂ ਦੀ ਦੁਰਵਰਤੋਂ ਕੀਤੀ ਹੈ। ਦਿੱਲੀ ਵਕਫ਼ ਬੋਰਡ ਦੇ ਤਤਕਾਲੀ ਸੀਈਓ ਨੇ ਅਜਿਹੀ ਗੈਰ-ਕਾਨੂੰਨੀ ਭਰਤੀ ਖ਼ਿਲਾਫ਼ ਬਿਆਨ ਜਾਰੀ ਕੀਤਾ ਸੀ। ਆਮ ਆਦਮੀ ਪਾਰਟੀ ਦੇ ਵਿਧਾਇਕ ਅਮਾਨਤੁੱਲਾ ਖਾਨ ਦੀ ਗ੍ਰਿਫਤਾਰੀ ਤੋਂ ਬਾਅਦ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਅਤੇ ਦਿੱਲੀ ਸਰਕਾਰ ਦੇ ਮੰਤਰੀ ਆਤਿਸ਼ੀ ਉਨ੍ਹਾਂ ਦੇ ਘਰ ਜਾ ਰਹੇ ਹਨ। ਰਾਜ ਸਭਾ ਸਾਂਸਦ ਸੰਜੇ ਸਿੰਘ ਨੇ ਐਕਸ 'ਤੇ ਪੋਸਟ ਕਰਕੇ ਲਿਖਿਆ, 'ਆਪ' ਸਾਂਸਦ ਸੰਜੇ ਸਿੰਘ ਨੇ ਟਵੀਟ ਕੀਤਾ, ਮੋਦੀ ਸਰਕਾਰ ਆਪਰੇਸ਼ਨ ਲੋਟਸ 'ਚ ਪੂਰੀ ਤਰ੍ਹਾਂ ਲੱਗੀ ਹੋਈ ਹੈ। ਮੰਤਰੀਆਂ ਅਤੇ ਵਿਧਾਇਕਾਂ ਨੂੰ ਗ੍ਰਿਫਤਾਰ ਕਰਨ ਲਈ ਉਨ੍ਹਾਂ 'ਤੇ ਝੂਠੇ ਕੇਸ ਦਰਜ ਕੀਤੇ ਜਾ ਰਹੇ ਹਨ। ਈਡੀ ਵੱਲੋਂ ਅਮਾਨਤੁੱਲਾ ਖਾਨ ਖਿਲਾਫ ਬੇਬੁਨਿਆਦ ਮਾਮਲਾ ਘੜ ਕੇ ਗ੍ਰਿਫਤਾਰ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਤਾਨਾਸ਼ਾਹੀ ਹੈ। ਮੈਂ ਜਲਦੀ ਹੀ ਉਸ ਦੇ ਪਰਿਵਾਰ ਨੂੰ ਮਿਲਣ ਜਾ ਰਿਹਾ ਹਾਂ।

# ਮਾਨ ਸਰਕਾਰ ਨੂੰ ਚੁੱਪੀ ਪੈ ਸਕਦੀ ਮਹਿੰਗੀ, ਇਕੱਠੀਆਂ ਹੋਈਆਂ EET 2364 ਤੇ 6635 ਜਥੇਬੰਦੀਆਂ



ਚੰਡੀਗੜ੍ਹ:- ਪਿਛਲੇ ਚਾਰ ਸਾਲਾਂ ਤੋਂ ਆਪਣੀ ਭਰਤੀ ਨੂੰ ਸਿਰੇ ਲਗਵਾਉਣ ਵਾਸਤੇ ਕਦੇ ਮੰਤਰੀਆਂ ਅਤੇ ਕਦੇ ਕੋਰਟ ਦੇ ਚੱਕਰ ਲਗਾ ਰਹੇ ਆਧਿਆਪਕਾਂ ਨੇ ਸਰਕਾਰ ਨੂੰ ਬੇਰੁਜ਼ਗਾਰਾਂ ਨਾਲ ਕੀਤੇ ਪੁਰਾਣੇ ਵਾਧੇ ਚੇਤੇ ਕਰਵਾਉਂਦੇ ਹੋਏ ਕਿਹਾ ਕਿ ਸਿੱਖਿਆ ਨੂੰ ਸੁਧਾਰਨ ਦੇ ਵਾਧੇ ਕਰਕੇ ਸੱਤਾ ਵਿੱਚ ਆਈ ਭਗਵੰਤ ਮਾਨ ਦੀ ਸਰਕਾਰ ਨੂੰ ਚਾਹੀਦਾ ਹੈ ਕੇ ਸਕੂਲਾਂ ਵਿੱਚ ਅਧਿਆਪਕਾਂ ਦੀ ਗਿਣਤੀ ਪੂਰੀ ਕਰੇ ਤਾਂ ਜੋ ਸਿੱਖਿਆ ਦਾ ਮਿਆਰ ਉੱਚਾ ਚੁੱਕਿਆ ਜਾ ਸਕੇ। ਈਟੀਟੀ 2364 ਬੇਰੁਜਗਾਰ ਅਧਿਆਪਕਾਂ ਨੇ ਪ੍ਰੈੱਸ ਨਾਲ ਗੱਲ ਕਰਦਿਆਂ ਕਿਹਾ ਈਟੀਟੀ 6635 ਅਧਿਆਪਕ ਯੂਨੀਅਨ ਪੰਜਾਬ ਤੇ ਈਟੀਟੀ 2364 ਬੇਰੁਜਗਾਰ ਅਧਿਆਪਕ ਯੂਨੀਅਨ ਪੰਜਾਬ ਇਕ ਮੰਚ ਤੇ ਹੋਈਆਂ ਇਕੱਠੀਆਂ ਤੇ ਆਗੂਆਂ ਨੇ ਜਿਕਰ ਕੀਤਾ ਕੇ ਸਾਡੀ ਭਰਤੀ 6 ਮਾਰਚ 2020 ਵਿੱਚ ਆਈ ਸੀ ਲੰਬਾ ਸਮਾਂ ਅਸੀਂ ਹਾਈ ਕੋਰਟ ਵਿੱਚ ਸੰਘਰਸ਼ ਲੜਿਆ ਤੇ ਇਸਨੂੰ 19 ਦਸੰਬਰ 2023 ਨੂੰ ਜਸਟਿਸ ਰਿਤੂ ਬਾਹਰੀ ਵੱਲੋਂ ਬਹਾਲ ਕਰਦਿਆਂ ਸਰਕਾਰ ਨੂੰ ਸਿਰਫ 8 ਹਫਤਿਆਂ ਦਾ ਸਮਾਂ ਦਿੱਤਾ ਗਿਆ ਸੀ। ਜਿਸ ਨੂੰ ਪੂਰੇ ਹੋਏ ਨੂੰ ਵੀ 2 ਮਹੀਨੇ ਉੱਪਰ ਹੋ ਚੁੱਕੇ ਹਨ ਪਰ, ਅਸੀਂ ਹਾਲੇ ਤੱਕ ਜੁਆਇਨ ਨਹੀਂ ਕਰ ਸਕੇ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕੇ ਚਾਰ ਸਾਲਾਂ ਤੋਂ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੇ ਸਾਥੀਆਂ ਨੂੰ ਸਰਕਾਰ ਜਲਦੀ ਰੁਜ਼ਗਾਰ ਦੇਵੇ 2020 ਦੀ ਭਰਤੀ ਹੋਣ ਕਾਰਨ ਕਈ ਇਲੈਕਸ਼ਨ ਆਏ ਤੇ ਕਈ ਗਏ ਇਹ ਭਰਤੀ ਪੁਰਾਣੀ ਹੋਣ ਕਾਰਨ ਸਰਕਾਰ ਜਲਦੀ ਹੀ ਇਲੈਕਸ਼ਨ ਕਮਿਸ਼ਨ ਤੋਂ ਇਸਦੀ ਪਰਮੀਸ਼ਨ ਲਵੇ ਤੇ ਬੇਰੁਜ਼ਗਾਰ ਅਧਿਆਪਕਾਂ ਨੂੰ ਰੁਜ਼ਗਾਰ ਦੇਵੇ, ਜੋ ਕਿ ਸਰਕਾਰ ਦਾ ਫਰਜ਼ ਬਣਦਾ ਹੈ।

ਇਸ ਮੌਕੇ ਤੇ 2364 ਭਰਤੀ ਦੇ ਹੱਕ ਵਿੱਚ ਆ ਕੇ ਖੜੇ ਦੀਪਕ ਕੰਬੋਜ, ਸ਼ਲਿੰਦਰ ਕੰਬੋਜ਼, ਨਿਰਮਲ ਜ਼ੀਰਾ ਜਰਨੈਲ ਨਾਗਰਾ, ਰਾਜਸੁਖਵਿੰਦਰ ਅਤੇ ਹੋਰ ਸਾਥੀਆ ਨੇ ਨਿਰੋਲ ਈਟੀਟੀ 2364 ਭਰਤੀ ਦੀ ਹਮਾਇਤ ਕੀਤੀ ਤੇ 6635 ਜਥੇਬੰਦੀ ਵਲੋਂ ਹਰ ਸੰਭਵ ਮਦਦ ਦੇਣ ਦੀ ਗੱਲ ਕਹੀ। ਇਸ ਮੌਕੇ 2364 ਯੂਨੀਅਨ ਅਧਿਆਪਕ ਯੂਨੀਅਨ ਪੰਜਾਬ ਦੇ ਆਗੂ ਮਨਪ੍ਰੀਤ ਮਾਨਸਾ,ਗੁਰਸੰਗਤ ਬੁੱਢਲਾਡਾ, ਗੁਰਸੇਵ ਸੰਗਰੂਰ ਅੰਮ੍ਰਿਤਪਾਲ ਧੂਰੀ ਜਸਵਿੰਦਰ ਮਾਛੀਵਾੜਾ ਅਮਰ ਮਕੇਰੀਆਂ, ਸੰਦੀਪ ਫਾਜ਼ਿਲਕਾ ,ਕੇਵਲ ਕਾਲੜਾ, ਮੁਕੇਸ਼ ਗੁਰਦਾਸਪੁਰ,ਹੈਰੀ ਗੁਰੂ ਹਰਸਹਾਏ, ਮੋਨੂੰ ਗੁਰੂ ਹਰਸਹਾਏ, ਸਰਬਜੋਤ ਹੁਸ਼ਿਆਰਪੁਰ ਤੇ ਸਮੂਹ ਈਟੀਟੀ ਕੇਡਰ ਹਾਜਰ ਸਨ।

# ਅਧਿਆਪਕਾਂ ਦੀ ਤਨਖਾਹ ਕਟੌਤੀ ਖਿਲਾਫ਼ ਜਥੇਬੰਦੀਆਂ ਵੱਲੋਂ ਸੰਘਰਸ਼ ਦਾ ਐਲਾਨ



ਸੰਗਰੂਰ- 16 ਫਰਵਰੀ ਦੀ ਦੇਸ਼ ਪੱਧਰੀ ਹੜਤਾਲ ਸਬੰਧੀ ਅਧਿਆਪਕਾਂ ਦੇ ਸਾਂਝੇ ਮੋਰਚੇ, ਸੰਯੁਕਤ ਕਿਸਾਨ ਮੋਰਚੇ ਅਤੇ ਭਰਾਤਰੀ ਮਜ਼ਦੂਰ ਅਤੇ ਜਨਤਕ ਜ਼ਮਹੂਰੀ ਜਥੇਬੰਦੀਆਂ ਦੀ ਮੀਟਿੰਗ ਅੱਜ ਸਥਾਨਕ ਕਾਮਰੇਡ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਹੋਈ। ਇਸ ਵਿੱਚ ਜ਼ਿਲ੍ਹੇ ਦੇ ਲਹਿਰਾਗਾਗਾ, ਚੀਮਾ ਅਤੇ ਸੰਗਰੂਰ - 1 ਬਲਾਕ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਦੁਆਰਾ ਆਪਣੀ ਮਨਮਰਜ਼ੀ ਨਾਲ ਅਧਿਆਪਕ, ਮੁਲਾਜ਼ਮ ਅਤੇ ਲੋਕ ਲਹਿਰ ਦੇ ਵਿਰੋਧ ਵਿੱਚ ਜਾਂਦਿਆਂ 7 ਅਧਿਆਪਕ ਆਗੂਆਂ ਦੀ ਹੜਤਾਲ ਵਾਲੇ ਦਿਨ ਦੀ ਤਨਖਾਹ ਕਟੌਤੀ ਕਰਨ ਵਿਰੁੱਧ ਬਲਾਕ ਅਤੇ ਜ਼ਿਲ੍ਹਾ ਪੱਧਰੀ ਜਥੇਬੰਦਕ ਐਕਸ਼ਨਾਂ ਦੀ ਰੂਪ ਰੇਖਾ ਉਲੀਕੀ ਗਈ।

ਚੋਣਾਂ ਦੇ ਦਿਨਾਂ ਵਿੱਚ ਜਾਣ ਬੁੱਝ ਕੇ ਜ਼ਿਲ੍ਹੇ ਦਾ ਮਾਹੌਲ ਖਰਾਬ ਕਰਨ ਦੀਆਂ ਇਹਨਾਂ ਅਫਸਰਾਂ ਦੀਆਂ ਕੋਝੀਆਂ ਚਾਲਾਂ ਦਾ ਸਖ਼ਤ ਨੋਟਿਸ ਲਿਆ ਗਿਆ। ਇਸ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ 22 ਅਪ੍ਰੈਲ ਨੂੰ ਬੀ.ਪੀ.ਈ.ਓ. ਚੀਮਾ ਦੀ ਅਤੇ 24 ਅਪ੍ਰੈਲ ਨੂੰ ਬੀ.ਪੀ.ਈ.ਓ. ਸੰਗਰੂਰ -1 ਦੀ ਅਰਥੀ ਇਹਨਾਂ ਦੇ ਦਫਤਰਾਂ ਵਿਖੇ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਲੋਕ ਮਸਲਿਆਂ ਨੂੰ ਹੱਲ ਕਰਾਉਣ ਲਈ ਬਣ ਰਹੀ ਲੋਕ ਲਹਿਰ ਵਿਰੁੱਧ ਭੁਗਤਣ ਵਾਲੇ ਇਹਨਾਂ ਅਫਸਰਾਂ ਦਾ ਚਿਹਰਾ ਲੋਕਾਂ ਸਾਹਮਣੇ ਕੀਤਾ ਨੰਗਾ ਕੀਤਾ ਜਾਵੇਗਾ।

29 ਅਪ੍ਰੈਲ ਨੂੰ ਡੀ.ਈ.ਓ. (ਐ.ਸਿੱ.) ਸੰਗਰੂਰ ਨੂੰ ਸਾਰੀਆਂ ਜਥੇਬੰਦੀਆਂ ਦਾ ਮਾਸ ਡੈਪੂਟੇਸ਼ਨ ਮਿਲ ਕੇ ਚੇਤਾਵਨੀ ਪੱਤਰ ਦੇਵੇਗਾ ਅਤੇ ਤੈਅ ਸਮੇਂ ਵਿੱਚ ਮਸਲਾ ਹੱਲ ਨਾ ਕਰਨ ਦੀ ਸੂਰਤ ਵਿੱਚ ਡੀ.ਈ.ਓ. ਦਫ਼ਤਰ ਵਿਖੇ ਵਿਸ਼ਾਲ ਲਾਮਬੰਦੀ ਨਾਲ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਕੀਤਾ ਜਾਵੇਗਾ। ਬਲਾਕਾਂ ਵਿੱਚ ਅਧਿਆਪਕ ਵਿਰੋਧੀ, ਤਾਨਾਸ਼ਾਹੀ ਅਤੇ ਬੇਨਿਯਮੀਆਂ ਕਰਵਾਈਆਂ ਕਰਨ ਵਾਲੇ ਬਲਾਕ ਅਫਸਰਾਂ, ਜਿਹਨਾਂ ਦਾ ਲਗਾਤਾਰ ਜਥੇਬੰਦਕ ਵਿਰੋਧ ਕੀਤਾ ਜਾ ਰਿਹਾ ਹੈ, ਉਹਨਾਂ ਦੀ ਜਥੇਬੰਦੀਆਂ ਨਾਲ ਰੰਜਿਸ਼ ਤਹਿਤ ਕੀਤੀ ਇਸ ਕਾਰਵਾਈ ਦੀ ਮੀਟਿੰਗ ਵਿੱਚ ਕਰੜੀ ਨਿੰਦਿਆ ਕੀਤੀ ਗਈ ਅਤੇ ਜਥੇਬੰਦਕ ਐਕਸ਼ਨਾਂ ਨਾਲ ਇਹਨਾਂ ਨੂੰ ਸਬਕ ਸਿਖਾਉਣ ਦਾ ਅਹਿਦ ਕੀਤਾ ਗਿਆ।

ਡੀ.ਈ.ਓ. ਤੋਂ ਅਗਵਾਈ ਮੰਗਣ ਅਤੇ ਅਗਵਾਈ ਉਡੀਕੇ ਬਿਨਾਂ ਤਨਖਾਹ ਕੱਟਣ, 01.01.2020 ਦੇ ਮੁਲਾਜ਼ਮ ਵਿਰੋਧੀ ਪੱਤਰ ਨੂੰ ਮਨਮਰਜ਼ੀ ਨਾਲ ਲਾਗੂ ਕਰਨ ਵਾਲੇ ਬਲਾਕ ਅਫਸਰਾਂ ਨੂੰ ਡੀ.ਈ.ਓ. ਵੱਲੋਂ ਹੁਕਮ ਅਦੂਲੀ ਲਈ ਨੋਟਿਸ ਕੱਢੇ ਜਾਣ ਦੀ ਮੰਗ ਵੀ ਡੈਪੂਟੇਸ਼ਨ ਵੱਲੋਂ ਕੀਤੀ ਜਾਵੇਗੀ। 01.01.2020 ਦੇ ਹੜਤਾਲ ਕਰਨ ਦਾ ਅਧਿਕਾਰ ਖੋਹਣ ਵਾਲੇ ਪੱਤਰ ਨੂੰ ਰੱਦ ਕਰਾਉਣ ਲਈ ਵੱਡੇ ਪੱਧਰ ਤੇ ਸੰਘਰਸ਼ ਕੀਤਾ ਜਾਵੇਗਾ। ਜ਼ਿਲ੍ਹੇ ਵਿੱਚ ਬਣੇ ਨਵੇਂ ਸਮੀਕਰਨਾਂ ਦੇ ਮੱਦੇਨਜ਼ਰ 18 ਅਪ੍ਰੈਲ ਦਾ ਬੀ.ਪੀ.ਈ.ਓ. ਲਹਿਰਾਗਾਗਾ ਵਿਰੁੱਧ ਪੱਕਾ ਮੋਰਚਾ ਲਾਉਣ ਦਾ ਫੈਸਲਾ ਹਾਲ ਦੀ ਘੜੀ ਮੁਲਤਵੀ ਕੀਤਾ ਗਿਆ।

ਇਸ ਮੌਕੇ ਮੀਟਿੰਗ ਵਿੱਚ ਅਧਿਆਪਕ ਜਥੇਬੰਦੀਆਂ ਡੀ.ਟੀ.ਐੱਫ. (ਸਬੰਧਤ ਡੀ.ਐੱਮ.ਐੱਫ) ਦੇ ਸੂਬਾ ਆਗੂ ਰਘਵੀਰ ਭਵਾਨੀਗੜ੍ਹ, ਜ਼ਿਲ੍ਹਾ ਆਗੂ ਸੁਖਵੀਰ ਸਿੰਘ, ਡੀ.ਟੀ.ਐੱਫ. ਦੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ, ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਜ਼ਿਲ੍ਹਾ ਪ੍ਰੈਸ ਸਕੱਤਰ ਜਸਬੀਰ ਨਮੋਲ, ਬੀ.ਕੇ.ਯੂ. ਉਗਰਾਹਾਂ ਦੇ ਜ਼ਿਲ੍ਹਾ ਆਗੂ ਗੋਬਿੰਦਰ ਸਿੰਘ, ਸੁਸ਼ੀਲ ਕੁਮਾਰ, ਤਰਕਸ਼ੀਲ ਸੁਸਾਇਟੀ ਦੇ ਮਾਸਟਰ ਪਰਮਵੇਦ, ਦੇਸ਼ ਭਗਤ ਯਾਦਗਾਰ ਕਮੇਟੀ ਲੌਂਗੋਵਾਲ ਦੇ ਜੁਝਾਰ ਲੌਂਗੋਵਾਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਬਲਜੀਤ ਨਮੋਲ ਅਤੇ ਜ਼ਮਹੂਰੀ ਅਧਿਕਾਰ ਸਭਾ ਦੇ ਆਗੂ ਅਮਰੀਕ ਖੋਖਰ ਸ਼ਾਮਲ ਹੋਏ। ਜੀ.ਟੀ.ਯੂ. ਦੇ ਜ਼ਿਲ੍ਹਾ ਪ੍ਰਧਾਨ ਦੇਵੀ ਦਿਆਲ, ਕਿਰਤੀ ਕਿਸਾਨ ਯੂਨੀਅਨ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਵੀ ਪ੍ਰੋਗਰਾਮਾਂ ਨੂੰ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ ਗਿਆ।

# ਗਰਮੀ ਤੋਂ ਬਚਣ ਲਈ ਸਿਹਤ ਮਹਿਕਮੇ ਵੱਲੋਂ ਐਡਵਾਈਜ਼ਰੀ ਜਾਰੀ, ਵਰਤੋਂ ਇਹ ਸਾਵਧਾਨੀਆਂ

ਨਵਾਂਸ਼ਹਿਰ- ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਨੇ ਗਰਮੀ ਦੇ ਮੌਸਮ ਵਿੱਚ ਲਗਾਤਾਰ ਵਧ ਰਹੇ ਤਾਪਮਾਨ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਆਮ ਲੋਕਾਂ ਨੂੰ ਬਚਾਉਣ ਲਈ ਕਮਰਕੱਸ ਲਈ ਹੈ। ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ ਨੇ ਗਰਮੀ ਦੇ ਮੌਸਮ ਦੇ ਮੱਦੇਨਜ਼ਰ ਸੰਭਾਵੀ ਸਿਹਤ ਖਤਰਿਆਂ ਨਾਲ ਨਜਿੱਠਣ ਲਈ ਢੁੱਕਵੇਂ ਪ੍ਰਬੰਧ ਕਰ ਲਏ ਹਨ ਤਾਂ ਜੋ ਪ੍ਰਭਾਵਿਤ ਲੋਕਾਂ ਲਈ ਤੁਰੰਤ ਡਾਕਟਰੀ ਸਹਾਇਤਾ ਯਕੀਨੀ ਬਣਾਈ ਜਾ ਸਕੇ। ਇਸ ਸਬੰਧੀ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਸਿਹਤ ਅਧਿਕਾਰੀਆਂ ਨੂੰ ਹਦਾਇਤਾਂ ਵੀ ਜਾਰੀ ਕੀਤੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹੇ ਦੇ ਸਰਕਾਰੀ ਹਸਪਤਾਲਾਂ ਵਿੱਚ ਗਰਮੀ ਨਾਲ ਸਬੰਧਤ ਸਿਹਤ ਸਮੱਸਿਆਵਾਂ ਵਾਲੇ ਮਰੀਜ਼ਾਂ ਲਈ ਬੈੱਡ ਰਾਖਵੇਂ ਰੱਖੇ ਗਏ ਹਨ। ਇਸ ਤੋਂ ਇਲਾਵਾ, ਮੈਡੀਕਲ ਅਫਸਰਾਂ ਦੀ ਅਜਿਹੇ ਕੇਸਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨ ਲਈ ਸਮਰੱਥਾ ਨਿਰਮਾਣ ਵਿੱਚ ਵਾਧਾ ਕੀਤਾ ਗਿਆ ਹੈ। ਸਰਕਾਰੀ ਹਸਪਤਾਲਾਂ ਵਿੱਚ ਢੁੱਕਵੀਂ ਮਾਤਰਾ ਵਿੱਚ ਓ.ਆਰ.ਐਸ. ਪੈਕੇਟ ਦੀ ਸਪਲਾਈ ਸਮੇਤ ਲੋੜੀਂਦੀਆਂ ਦਵਾਈਆਂ ਉਪਲੱਬਧ ਹਨ। ਉਨ੍ਹਾਂ ਕਿਹਾ, ਗਰਮੀ ਨਾਲ ਸਬੰਧਤ ਬਿਮਾਰੀਆਂ ਦੇ ਬਿਹਤਰ ਪ੍ਰਬੰਧਨ ਲਈ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਨਿਰੰਤਰ ਯਤਨ ਜ਼ਰੂਰੀ ਹਨ, ਕਿਉਂਕਿ ਢੁੱਕਵੇਂ ਕਦਮ ਪ੍ਰਭਾਵਸ਼ਾਲੀ ਪ੍ਰਬੰਧਨ ਵੱਲ ਲੈ ਜਾਂਦੇ ਹਨ। ਉਨ੍ਹਾਂ ਕਿਹਾ, ਸਾਵਧਾਨੀਆਂ ਤੇ ਉਪਾਵਾਂ ਬਾਰੇ ਲੋਕਾਂ ਵਿੱਚ ਸਮੇਂ ਸਿਰ ਅਤੇ ਵਿਆਪਕ ਜਾਗਰੂਕਤਾ ਅਜਿਹੀ ਗਰਮੀ ਦੇ ਗੰਭੀਰ ਪ੍ਰਭਾਵ ਨੂੰ ਘਟਾਉਣ ਵਿੱਚ ਬਹੁਤ ਸਹਾਇਤਾ ਕਰੇਗੀ। ਇਸ ਸਬੰਧੀ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ ਰਾਕੇਸ਼ ਪਾਲ ਨੇ ਦੱਸਿਆ ਕਿ ਲਗਾਤਾਰ ਵੱਧ ਰਿਹਾ ਤਾਪਮਾਨ ਸਰੀਰ ਦੀ ਤਾਪਮਾਨ ਨਿਯਮ ਪ੍ਰਣਾਲੀ ਨੂੰ ਵਿਗਾੜ ਦਿੰਦਾ ਹੈ ਅਤੇ ਗਰਮੀ ਨਾਲ ਸੰਬਧਿਤ ਬਿਮਾਰੀਆਂ ਦਾ ਕਾਰਨ ਬਣਦਾ ਹੈ।

ਉਨ੍ਹਾਂ ਕਿਹਾ ਕਿ ਛੋਟੇ ਬੱਚਿਆਂ, ਗਰਭਵਤੀ ਔਰਤਾਂ, ਮੋਟਾਪੇ ਤੋਂ ਪੀੜਤ ਲੋਕਾਂ, ਬਿਰਧਾਂ, ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਗਰਮੀ ਦੇ ਮੌਸਮ ਵਿੱਚ ਵਧੇਰੇ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ।

ਉਨ੍ਹਾਂ ਕਿਹਾ ਕਿ ਗਰਮੀ ਤੋਂ ਬਚਣ ਲਈ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਧੁੱਪ ਵਿੱਚ ਨਾ ਨਿਕਲਿਆ ਜਾਵੇ, ਹਰ ਅੱਧੇ ਘੰਟੇ ਬਾਅਦ ਪਾਣੀ ਪੀਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਾਹਰ ਜਾਣ ਸਮੇਂ ਹਲਕੇ ਰੰਗ ਦੇ ਪੂਰੇ ਸਰੀਰ ਨੂੰ ਢਕਣ ਵਾਲੇ ਸੂਤੀ ਕੱਪੜੇ ਪਾਉਣੇ ਚਾਹੀਦੇ ਹਨ, ਆਪਣੇ ਸਿਰ ਨੂੰ ਸਿੱਧੀ ਧੁੱਪ ਤੋਂ ਢੱਕਣ ਲਈ ਛੱਤਰੀ, ਟੋਪੀ, ਤੌਲੀਏ ਜਾਂ ਦੁਪੱਟੇ ਦੀ ਵਰਤੋਂ ਕੀਤੀ ਜਾਵੇ ਅਤੇ ਨੰਗੇ ਪੈਰ ਧੁੱਪ ਵਿੱਚ ਨਾ ਜਾਇਆ ਜਾਵੇ। ਉਨ੍ਹਾਂ ਕਿਹਾ ਕਿ ਮੌਸਮੀ ਫਲ ਅਤੇ ਸਬਜ਼ੀਆਂ ਜਿਵੇਂ ਕਿ ਤਰਬੂਜ, ਖਰਬੂਜਾ, ਸੰਤਰਾ, ਅੰਗੂਰ, ਖੀਰੇ, ਟਮਾਟਰ, ਘੀਆ ਤੇ ਤੋਰੀਆਂ ਦੀ ਵਰਤੋਂ ਵਧੇਰੇ ਕੀਤੀ ਜਾਵੇ ਕਿਉਂਕਿ ਇਨ੍ਹਾਂ ਵਿੱਚ ਪਾਣੀ ਦੀ ਮਾਤਰਾ ਵਧੇਰੇ ਹੁੰਦੀ ਹੈ। ਉਨ੍ਹਾਂ ਕਿਹਾ ਕਿ ਕਸਰਤ ਹੌਲੀ ਹੌਲੀ ਸ਼ੁਰੂ ਕਰੋ ਅਤੇ ਹੌਲੀ ਹੌਲੀ ਵਧਾਓ ਤਾਂ ਕਿ ਸਰੀਰ ਦੇ ਤਾਪਮਾਨ ਦੇ ਅਨੁਕੂਲ ਹੋਵੇ। ਸਿਗਰਟ, ਤੰਬਾਕੂ, ਬੀੜੀ ਅਤੇ ਸ਼ਰਾਬ ਦੀ ਵਰਤੋਂ ਨਾ ਕੀਤੀ ਜਾਵੇ। ਚਾਹ, ਕੌਫੀ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ, ਤਲੇ, ਬਾਹਰਲੇ ਅਤੇ ਬਾਸੀ ਖਾਣੇ ਤੋਂ ਪ੍ਰਹੇਜ ਕੀਤਾ ਜਾਵੇ। ਡਾ ਰਾਕੇਸ਼ ਪਾਲ ਨੇ ਜ਼ਿਲ੍ਹਾ ਵਾਸੀਆਂ ਨੂੰ ਸਿਹਤ ਵਿਭਾਗ ਦੁਆਰਾ ਦੱਸੀਆਂ ਗਈਆਂ ਲੋੜੀਂਦੀਆਂ ਸਾਵਧਾਨੀਆਂ ਦੀ ਸੁਹਿਰਦਤਾ ਨਾਲ ਪਾਲਣਾ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਗਰਮੀ ਲੱਗਣ ਦੇ ਖ਼ਦਸ਼ਿਆਂ ਦੇ ਚੱਲਦਿਆਂ ਤੇਜ਼ ਬੁਖਾਰ ਹੋਣ ਦੀ ਸੂਰਤ ਵਿੱਚ ਆਮ ਦਵਾਈਆਂ ਦਾ ਪ੍ਰਯੋਗ ਨਾ ਕੀਤਾ ਜਾਵੇ।



## ਸ਼੍ਰੀ ਹਨੂੰਮਾਨ ਜਯੰਤੀ ਦੇ ਸ਼ੁਭ ਮੌਕੇ ਤੇ ਐੱਮਐੱਸਡੀ ਸਕੂਲ ਵਿੱਚ ਸ਼੍ਰੀ ਅਖੰਡ ਰਾਮਾਇਣ ਦਾ ਪਾਠ ਸੋਮਵਾਰ ਨੂੰ




**ਰਾਮਾ ਮੰਡੀ, 18 ਅਪ੍ਰੈਲ,ਅਸ਼ੋਕ ਕੁਮਾਰ**- ਸ਼੍ਰੀ ਹਨੂੰਮਾਨ ਜਯੰਤੀ ਦੇ ਸ਼ੁਭ ਅਵਸਰ ਤੇ ਸ਼੍ਰੀ ਅਖੰਡ ਰਾਮਾਇਣ ਦੇ ਪਾਠ ਸੋਮਵਾਰ ਨੂੰ ਐੱਮਐੱਸਡੀ ਸੀਨੀਅਰ ਸੈਕੰਡਰੀ ਸਕੂਲ ਅਤੇ ਐੱਸਐੱਸਐੱਮਡੀ ਇੰਗਲਿਸ਼ ਮੀਡੀਅਮ ਸਕੂਲ ਵਿੱਚ ਆਰੰਭ ਕੀਤੇ ਜਾਣਗੇ, ਜਿਸ ਦੇ ਭੋਗ ਮੰਗਲਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ । ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਰੇਸ਼ ਕੁਮਾਰ ਗੋਇਲ ਨੇ ਦੱਸਿਆ ਕਿ ਸਕੂਲ ਵਿੱਚ ਹਰ ਸਾਲ ਸ੍ਰੀ ਹਨੂੰਮਾਨ ਜੈਅੰਤੀ ਮੌਕੇ ਸ਼੍ਰੀ ਅਖੰਡ ਰਾਮਾਇਣ ਦਾ ਪਾਠ ਕਰਵਾਇਆ ਜਾਂਦਾ ਹੈ ਅਤੇ ਅਤੁੱਟ ਲੰਗਰ ਵੀ ਵਰਤਾਇਆ ਜਾਂਦਾ ਹੈ ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਅਮਰਜੀਤ ਗਿਰੀ, ਮੈਨੇਜਰ ਬੰਟੀ ਗਰਗ, ਸੰਜੀਵ ਅਗਰਵਾਲ ਸੀਨੀਅਰ ਮੀਤ ਪ੍ਰਧਾਨ, ਦੇਸਰਾਜ ਚਲਾਣਾ ਮੀਤ ਪ੍ਰਧਾਨ, ਸਕੱਤਰ ਪਵਨ ਕਾਲੜਾ, ਖਜ਼ਾਨਚੀ ਕੇਵਲ ਸਿੰਗਲਾ, ਸਲਾਹਕਾਰ ਅਸ਼ੋਕ ਬਾਂਸਲ, ਸਕੂਲ ਪ੍ਰਿੰਸੀਪਲ ਮੈਡਮ ਹਰਕਿਰਨ ਕੌਰ ਅਤੇ ਪ੍ਰਵੀਨ ਕੁਮਾਰ ਸਿੰਗਲਾ ਹਾਜ਼ਰ ਸਨ। .

## ਕਾਂਗਰਸ ਨੇ ਉੱਤਰਾਖੰਡ ਦੀ ਮੰਗ ਕਰ ਰਹੇ ਨਿਹੱਥੇ ਨੌਜਵਾਨਾਂ 'ਤੇ ਚਲਾਈਆਂ ਸੀ ਗੋਲੀਆਂ : ਅਮਿਤ ਸ਼ਾਹ

ਚੰਡੀਗੜ੍ਹ, ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਮਿਤ ਸ਼ਾਹ ਪਾਰਟੀ ਦੀ ਜਿੱਤ ਯਕੀਨੀ ਬਣਾਉਣ ਅਤੇ ਮੋਦੀ ਜੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਨ। ਇੱਕ ਦਿਨ ਵਿੱਚ ਦੋ-ਤਿੰਨ ਰਾਜਾਂ ਵਿੱਚ ਜਨਤਕ ਮੀਟਿੰਗਾਂ ਅਤੇ ਰੋਡ ਸ਼ੋਅ ਕਰਨਾ ਉਨ੍ਹਾਂ ਦੀ ਪਾਰਟੀ ਪ੍ਰਤੀ ਸੋਚ ਨੂੰ ਦਰਸਾਉਂਦਾ ਹੈ। ਦੇਵ ਭੂਮੀ ਉੱਤਰਾਖੰਡ ਦੇ ਕੋਟਦਵਾਰ 'ਚ ਆਯੋਜਿਤ ਇਕ ਵਿਸ਼ਾਲ ਜਨ ਸਭਾ ਨੂੰ ਸੰਬੋਧਿਤ ਕਰਦੇ ਹੋਏ ਸ਼ਾਹ ਨੇ ਅਤੀਤ ਦੀ ਯਾਦ ਦਿਵਾਈ ਕਿ 'ਜਦੋਂ ਉੱਤਰਾਖੰਡ ਦੀ ਮੰਗ ਕੀਤੀ ਜਾ ਰਹੀ ਸੀ ਤਾਂ ਕਾਂਗਰਸ ਸਰਕਾਰ ਨੇ ਨਿਹੱਥੇ ਨੌਜਵਾਨਾਂ 'ਤੇ ਗੋਲੀਆਂ ਚਲਾ ਦਿੱਤੀਆਂ ਸਨ।'

ਦੇਸ਼ ਜਾਣਦਾ ਹੈ ਕਿ ਉੱਤਰਾਖੰਡ ਦੀ ਮੰਗ ਦੌਰਾਨ ਵਿਰੋਧੀ ਧਿਰ ਨੇ ਇਸ ਦਾ ਵਿਰੋਧ ਕੀਤਾ ਸੀ ਅਤੇ ਨੌਜਵਾਨਾਂ 'ਤੇ ਗੋਲੀਆਂ ਚਲਾਈਆਂ ਸਨ। ਸਾਰੇ ਵਿਰੋਧਾਂ ਦੇ ਬਾਵਜੂਦ ਅਟਲ ਜੀ ਨੇ ਉੱਤਰਾਖੰਡ ਬਣਾਇਆ ਅਤੇ ਹੁਣ ਮੋਦੀ ਜੀ ਉੱਤਰਾਖੰਡ ਨੂੰ ਸੰਵਾਰ ਰਹੇ ਹਨ। ਉੱਤਰਾਖੰਡ ਤੋਂ ਪਰਵਾਸ ਨੂੰ ਰੋਕਣ ਲਈ ਅੱਜ ਸੈਰ-ਸਪਾਟੇ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉੱਤਰਾਖੰਡ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਸੜਕ, ਰੇਲ, ਟਰਾਂਸਪੋਰਟ ਅਤੇ ਹਵਾਈ ਅੱਡੇ ਦਾ ਵਿਕਾਸ ਕੀਤਾ ਜਾ ਰਿਹਾ ਹੈ। ਵਾਈਬ੍ਰੈਂਟ ਵਿਲੇਜ ਪ੍ਰੋਗਰਾਮ ਨੂੰ ਉਤਰਾਖੰਡ ਦੇ ਹਰ ਪਿੰਡ ਤੱਕ ਲਿਜਾਇਆ ਜਾ ਰਿਹਾ ਹੈ। ਦੂਰਦਰਸ਼ੀ ਪ੍ਰਧਾਨ ਮੰਤਰੀ ਮੋਦੀ ਜੀ ਉੱਤਰਾਖੰਡ ਦੇ ਬਾਜਰੇ ਨੂੰ ਵਿਸ਼ਵ ਪ੍ਰਸਿੱਧ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡ ਰਹੇ ਹਨ। ਮੋਦੀ ਸਰਕਾਰ ਗਾਰੰਟੀ ਦੇ ਰਹੀ ਹੈ ਕਿ ਪੰਜ ਸਾਲਾਂ ਦੇ ਅੰਦਰ ਚੀਨ ਨਾਲ ਲੱਗਦੇ ਹਰ ਪਿੰਡ ਦੀ ਆਬਾਦੀ 1980 ਤੋਂ ਵੱਧ ਹੋ ਜਾਵੇਗੀ। ਜੇਕਰ ਮੋਦੀ ਸਰਕਾਰ ਗਾਰੰਟੀ ਦੇ ਰਹੀ ਹੈ ਤਾਂ ਕੌਣ ਨਹੀਂ ਮੰਨੇਗਾ ?



ਪਿਛਲੇ 10 ਸਾਲਾਂ ਵਿੱਚ ਮੋਦੀ ਜੀ ਦੀ ਅਗਵਾਈ ਅਤੇ ਅਮਿਤ ਸ਼ਾਹ ਦੀ ਯੋਗ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਆਪਣੇ ਕੀਤੇ ਹਰ ਵਾਅਦੇ ਨੂੰ ਪੂਰਾ ਕੀਤਾ ਹੈ। ਧਾਰਾ 370 ਨੂੰ ਹਟਾਉਣਾ ਹੋਵੇ, ਯੂ.ਸੀ.ਸੀ. ਦੀ ਸ਼ੁਰੂਆਤ ਹੋਵੇ, ਤੀਹਰੇ ਤਲਾਕ ਨੂੰ ਹਟਾਉਣਾ ਹੋਵੇ, ਗਰੀਬੀ ਦਾ ਖਾਤਮਾ ਹੋਵੇ, ਰਾਮ ਮੰਦਰ ਦਾ ਨਿਰਮਾਣ ਹੋਵੇ- ਮੋਦੀ ਸਰਕਾਰ ਨੇ ਹਰ ਖੇਤਰ ਵਿੱਚ ਆਪਣੀ ਗਾਰੰਟੀ ਪੂਰੀ ਕੀਤੀ ਹੈ। ਉੱਤਰਾਖੰਡ ਦੇਸ਼ ਦਾ ਪਹਿਲਾ ਸੂਬਾ ਹੈ, ਜਿੱਥੇ ਪਹਿਲਾਂ ਯੂਸੀਸੀ ਲਿਆਉਣ ਦਾ ਕੰਮ ਕੀਤਾ ਗਿਆ ਹੈ ਅਤੇ ਹੁਣ ਦੇਸ਼ ਭਰ ਦੇ ਸਾਰੇ ਰਾਜਾਂ ਵਿੱਚ ਯੂਸੀਸੀ ਲਿਆਉਣ ਦੀ ਯੋਜਨਾ 'ਤੇ ਕੰਮ ਚੱਲ ਰਿਹਾ ਹੈ। ਰਾਮ ਜਨਮ ਭੂਮੀ ਦਾ ਮਸਲਾ ਮੋਦੀ ਸਰਕਾਰ 'ਚ ਸੁਲਝ ਗਿਆ ਸੀ ਅਤੇ ਸਾਲਾਂ ਬਾਅਦ ਇਸ ਰਾਮ ਨੌਮੀ 'ਤੇ ਜਦੋਂ ਰਾਮ ਲੱਲਾ ਪਹਿਲੀ ਵਾਰ ਆਪਣੇ ਵਿਸ਼ਾਲ ਮੰਦਰ 'ਚ ਆਪਣਾ ਜਨਮ ਦਿਨ ਮਨਾਉਣਗੇ ਤਾਂ ਪੂਰੇ ਦੇਸ਼ ਦੀਆਂ ਅੱਖਾਂ 'ਚ ਖੁਸ਼ੀ ਦੇ ਹੰਝੂ ਹੋਣਗੇ।



# ਭਾਜਪਾ ਮੰਡਲ ਖਰੜ-2 ਅਤੇ ਮੰਡਲ 2 ਵਲੋਂ ਸਾਂਝੇ ਤੌਰ ਤੇ ਦਫਤਰ ਖੋਲਿਆ

ਖਰੜ,18 ਅਪ੍ਰੈਲ (ਕਾਲਾ ਸਿੰਘ ਸੈਣੀ)-ਭਾਰਤੀ ਜਨਤਾ ਪਾਰਟੀ ਮੰਡਲ ਖਰੜ-2 ਅਤੇ ਮੰਡਲ 3 ਵਲੋਂ ਸਾਂਝੇ ਤੌਰ ਤੇ ਮੰਡਲ ਦਫਤਰ ਖੋਲਿਆ ਗਿਆ ਦਫਤਰ ਦਾ ਉਦਘਾਟਨ ਜਿਲ੍ਹਾ ਪ੍ਰਧਾਨ ਸੰਜੀਵ ਵਸ਼ਿਸ਼ਟ ਵਲੋਂ ਕੀਤਾ ਗਿਆ ਹੈ। ਉਨ੍ਹਾਂ ਇਸ ਮੌਕੇ ਦੋਵੇ ਮੰਡਲਾਂ ਦੇ ਪ੍ਰਧਾਨਾਂ ਨੂੰ ਵਧਾਈ ਦਿੱਤੀ। ਭਾਜਪਾ ਪੰਜਾਬ ਦੇ ਸਹਿ ਖਜਾਨਚੀ ਸੁਖਵਿੰਦਰ ਸਿੰਘ ਗੋਲਡੀ ਨੇ ਕਿਹਾ ਕਿ ਦੇਸ਼ ਵਿਚ ਹੋ ਰਹੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਵੱਡੇ ਬਹੁਮਤ ਨਾਲ ਜਿੱਤੇਗੀ ਅਤੇ ਮੁੜ ਤੋਂ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣੇਗੀ। ਇਸ ਮੌਕੇ ਜਿਲ੍ਹਾ ਮੁਹਾਲੀ ਦੇ ਵਾਈਸ ਪ੍ਰਧਾਨ ਪਵਨ ਮਨੋਚਾ, ਸੁਭਾਸ਼ ਅਗਰਵਾਲ, ਰਾਮ ਗੋਪਾਲ,ਨਰੇਸ਼ ਸਿੰਗਲਾ,ਨਰਿੰਦਰ ਰਾਣਾ,ਦਵਿੰਦਰ ਗੁਪਤਾ, ਜਗਦੀਪ ਸਿੰਘ ਜੱਗੀ ਔਜਲਾ, ਡਾ.ਸੁਖਬੀਰ ਰਾਣਾ, ਸਮੇਤ ਭਾਜਪਾ ਦੇ ਅਹੁੱਦੇਦਾਰ ਤੇ ਵਰਕਰ ਹਾਜ਼ਰ ਸਨ।

# ਨੈਕਸਸ ਸਿਲੈਕਟ ਮਾਲਜ਼ ਨੇ ਸ਼ੁਰੂ ਕੀਤਾ ਪਰਪਲ ਵੀਕਐਂਡ

ਅੰਮ੍ਰਿਤਸਰ, ਗਰਮੀਆਂ ਦੀਆਂ ਛੁੱਟੀਆਂ ਦੀ ਆਮਦ ਦੇ ਨਾਲ ਖਰੀਦਦਾਰੀ ਕਰਨ ਵਾਲਿਆਂ ਲਈ ਯਾਦਗਾਰੀ ਸ਼ੋਪਿੰਗ ਐਕਸਪੇਰੈਂਸ ਪ੍ਰਦਾਨ ਕਰਵਾਉਣ ਲਈ, ਨੈਕਸਸ ਸਿਲੈਕਟ ਮਾਲਜ਼ ਅਧੀਨ ਨੈਕਸਸ ਅੰਮ੍ਰਿਤਸਰ ਵਿਖੇ ਪਰਪਲ ਵੀਕੈਂਡ ਲਾਂਚ ਕੀਤਾ ਗਿਆ ਹੈ। 19 ਅਪ੍ਰੈਲ ਤੋਂ 21 ਅਪ੍ਰੈਲ ਤੱਕ ਦੀ ਮਿਆਦ ਦੇ ਦੌਰਾਨ, ਮਾਲ ਵਿਸ਼ੇਸ਼ ਪੇਸ਼ਕਸ਼ਾਂ, ਯਾਦਗਾਰੀ ਮਨੋਰੰਜਨ ਅਤੇ ਇੱਕ ਸ਼ਾਨਦਾਰ ਸ਼ੋਪਿੰਗ ਐਕਸਪੇਰੈਂਸ ਪ੍ਰਦਾਨ ਕਰੇਗਾ। ਵੀਕਐਂਡ ਦੇ ਦੌਰਾਨ, ਕੋਈ ਵੀ ਫੈਸ਼ਨ, ਫ਼ੂਡ ਐਂਡ ਬੇਵਰੇਜਿਸ ਵਾਲੇ ਪਦਾਰਥ, ਇਲੈਕਟ੍ਰੋਨਿਕਸ, ਫਿਲਮਾਂ ਅਤੇ ਹਾਈਪ ਮਾਰਕੀਟ ਉਤਪਾਦਾਂ 'ਤੇ ਵਿਆਪਕ ਡਿਸਕੌਂਟ, ਡੀਲ ਅਤੇ ਪੇਸ਼ਕਸ਼ਾਂ ਦਾ ਲਾਭ ਲੈ ਸਕਦਾ ਹੈ। ਇਸ ਦੌਰਾਨ ਐਟ ਹੋਮ, ਨੁਮੇਰੋ ਯੂਨੋ, ਸ਼ੂਜ਼ ਟ੍ਰੀ, ਸਪੋਰਟਸ ਸਟੇਸ਼ਨ, ਮਿਨੀਸੋ, ਲਾਵੀ, ਮਾਰਕ ਐਂਡ ਸਪੈਂਸਰ, ਐਕਸੈਸਰੀਜ਼ 'ਤੇ 50 ਫੀਸਦੀ, ਐਲਡੋ 'ਤੇ 40 ਫੀਸਦੀ, ਫਾਰਐਵਰ ਫਲੈਟ 799 ਤੇ ਅਤੇ ਰੂਸੋ ਬਰੁਨੇਲੋ 'ਤੇ 25 ਫੀਸਦੀ ਸਮੇਤ ਹੋਰ ਉਤਪਾਦਾਂ 'ਤੇ ਵੀ ਵੱਡੀ ਛੋਟ ਦਿੱਤੀ ਗਈ ਹੈ। ਮਾਲ ਦਾ ਉਦੇਸ਼ ਆਪਣੇ ਗਾਹਕਾਂ ਨੂੰ ਇੱਕ ਸੁਹਾਵਣਾ ਖਰੀਦਦਾਰੀ ਅਨੁਭਵ ਪ੍ਰਦਾਨ ਕਰਨਾ ਹੈ।




# ਬਿਨ੍ਹਾਂ ਟਿਊਸ਼ਨ ਤੋਂ ਸਰਕਾਰੀ ਹਾਈ ਸਮਰਾਟ ਸਕੂਲ ਦੇਸੂਮਾਜਰਾ ਦੀ ਅਨੂ ਕੁਮਾਰੀ ਨੇ ਪੰਜਾਬ 'ਚ 17ਵਾਂ ਰੈਕ ਦੇ ਜਿਲ੍ਹੇ 'ਚ ਦੂਸਰਾ ਸਥਾਨ ਕੀਤਾ ਹਾਸਿਲ



ਖਰੜ,18ਅਪ੍ਰੈਲ (ਕਾਲਾ ਸਿੰਘ ਸੈਣੀ)- ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਅੱਜ ਐਲਾਨ ਕੀਤੇ ਗਏ 10ਵੀਂ ਦੇ ਨਤੀਜੇ ਵਿੱਚ ਸਰਕਾਰੀ ਹਾਈ ਸਮਾਰਟ ਸਕੂਲ ਦੇਸੂਮਾਜਰਾ ਦੀ ਵਿਦਿਆਰਥਣ ਅਨੂ ਕੁਮਾਰੀ ਨੇ 10ਵੀਂ ਦੇ ਨਤੀਜ਼ੇ ਵਿਚ 629/650 (96.77 ਫੀਸਦੀ) ਅੰਕ ਪ੍ਰਾਪਤ ਕਰਕੇ ਪੰਜਾਬ ਦੀ ਮੈਰਿਟ ਸੂਚੀ ਵਿਚ 17ਵਾਂ ਰੈਕ ਅਤੇ ਜਿਲ੍ਹਾ ਐਸ.ਏ.ਐਸ. ਨਗਰ ਵਿਚ ਦੂਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ ਹੈ। ਨਤੀਜਾ ਆਉਂਣ ਮੌਕੇ ਸਰਕਾਰੀ ਹਾਈ ਸਮਾਰਟ ਸਕੂਲ ਦੇਸੂਮਾਜਰਾ ਵਿਖੇ ਅਧਿਆਪਕਾਂ ਦੀ ਹਾਜ਼ਰੀ ਵਿਚ ਗੱਲ ਕਰਦਿਆ ਅਨੂਕੁਮਾਰੀ ਨੇ ਦਸਿਆ ਕਿ ਉਹ ਆਈ.ਏ.ਐਸ.ਅਫਸਰ ਬਣਨਾ ਚਾਹੁੰਦੀ ਹੈ। ਵਿਦਿਆਰਥਣ ਅਨੂ ਕਮਾਰੀ ਨੇ ਦੱਸਿਆ ਕਿ ਜਦੋ ਉਹ 7 ਸਾਲ ਦੀ ਹੁੰਦੀ ਸੀ ਤਾਂ ਉਸਦੇ ਪਿਤਾ ਨੇ ਇੱਕ ਫਿਲਮ ਦਿਖਾਈ ਸੀ ਜਿਸ ਵਿੱਚ ਇੱਕ ਆਈ.ਏ.ਐਸ.ਅਫਸਰ ਦੀ ਕੀ ਪਾਵਰ ਹੁੰਦੀ ਹੈ ਅਤੇ ਉਹ ਕਿਵੇਂ ਕੰਮ ਕਰਦਾ ਹੈ। ਫਿਲਮ ਦੀ ਕਹਾਣੀ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਮਨ ਬਣਾ ਲਿਆ ਸੀ ਕਿ ਉਹ ਉੱਚ ਪੜ੍ਹਾਈ ਕਰਕੇ ਆਈ.ਏ.ਐਸ ਅਫਸਰ ਦੀ ਪ੍ਰੀਖਿਆ ਪਾਸ ਕਰਕੇ ਗਰਾਊਡ ਪੱਧਰ ਤੇ ਸੇਵਾ ਕਰੇਗੀ। ਉਸ ਨੇ ਦੱਸਿਆ ਕਿ ਉਸ ਨੇ 8ਵੀ ਤੱਕ ਦੀ ਪੜ੍ਹਾਈ ਸਰਕਾਰੀ ਮਿਡਲ ਸਮਾਰਟ ਸਕੂਲ ਜੰਡਪੁਰ ਤੋਂ ਪੜਾਈ ਕੀਤੀ ਅਤੇ 9ਵੀਂ ਕਲਾਸ ਸਰਕਾਰੀ ਹਾਈ ਸਮਾਰਟ ਸਕੂਲ ਦੇਸੂਮਾਜਰਾ ਵਿਚ ਦਾਖਲਾ ਲਿਆ ਸੀ। ਉਸ ਨੇ ਦੱਸਿਆ ਕਿ ਉਸ ਨੇ ਕੋਈ ਟਿਊਸ਼ਨ ਵੀ ਨਹੀ ਰੱਖੀ, ਰੋਜ਼ਾਨਾ ਚਾਰ ਤੋਂ ਪੰਜ ਘੰਟੇ ਆਪਣੀ ਸਕੂਲ ਦੀ ਪੜਾਈ ਕਰਦੀ ਹੈ। ਉਨ੍ਹਾਂ ਇਸ ਪ੍ਰਾਪਤੀ ਦਾ ਸਿਹਰਾ ਆਪਣੇ ਮਾਤਾ,ਪਿਤਾ ਅਤੇ ਸਕੂਲ ਅਧਿਆਪਕਾਂ ਨੂੰ ਦਿੱਤਾ ਜਿਨ੍ਹਾਂ ਦੀ ਪ੍ਰੇਰਨਾ ਸਦਕਾ ਉਹ ਇਹ ਮੰਜਿਲ ਤੇ ਪੁੱਜੀ ਹੈ। ਇਸ ਮੌਕੇ ਕਲਾਸ ਇੰਚਾਰਜ਼ ਪਰਮਿੰਦਰ ਕੌਰ ਨੇ ਦਸਿਆ ਕਿ ਇਹ ਵਿਦਿਆਰਥਣ ਪੜਾਈ ਵਿਚ ਸ਼ੁਰੂ ਤੋਂ ਹੀ ਹੁਸ਼ਿਆਰ ਹੈ ਅਤੇ ਇਸਦੀ ਛੋਟੀ ਭੈਣ ਜੋ ਸਰਕਾਰੀ ਮਿਡਲ ਸਮਾਰਟ ਸਕੂਲ ਜੰਡਪੁਰ ਵਿਚ ਪੜ੍ਹ ਰਹੀ ਹੈ ਉਹ ਵੀ ਪੜ੍ਹਣ ਲਈ ਹੁਸ਼ਿਆਰ ਹੈ। ਜਿਕਰਯੋਗ ਹੈ ਕਿ ਵਿਦਿਆਰਥਣ ਅਨੂ ਕੁਮਾਰ ਦਾ ਪਿਛੋਕੜ ਬਿਹਾਰ ਸੂਬੇ ਦੇ ਜਿਲ੍ਹਾ ਗੋਪਾਲਗੰਜ਼ ਦੇ ਨਾਲ ਹੈ ਅਤੇ ਉਹ ਪ੍ਰਵਾਸੀ ਮਜ਼ਦੂਰ ਪਰਿਵਾਰ ਹੈ ਅਤੇ ਇਸ ਸਮੇਂ ਨਗਰ ਕੌਂਸਲ ਖਰੜ ਦੀ ਹਦੂਦ ਅੰਦਰ ਪੈਂਦੇ ਪਿੰਡ ਹਰਲਾਲਪੁਰ ਵਿਖੇ ਕਿਰਾਏ ਦੇ ਮਕਾਨ ਵਿਚ ਰਹਿੰਦੇ ਹਨ,ਅਨੂ ਕੁਮਾਰੀ ਦਾ ਪਿਤਾ ਚੰਦਰ ਮੋਹਨ ਪੇਟਰ ਦਾ ਕੰਮ ਕਰਦਾ ਹੈ, ਮਾਤਾ ਘਰੇਲੂ ਕੰਮਕਾਰ ਕਰਦੀ ਹੈ। ਉਹ ਤਿੰਨ ਭੈਣਾਂ ਹਨ। ਸਕੂਲ ਦੀ ਮੁੱਖ ਅਧਿਆਪਕਾ ਖੁਸ਼ਵਿੰਦਰ ਕੌਰ ਅਤੇ ਇੰਚਾਰਜ਼ ਤੇ ਸਟਾਫ ਮੈਬਰਾਂ ਵਲੋਂ ਅਨੂ ਕੁਮਾਰੀ ਦਾ ਮੂੰਹ ਮਿੱਠਾ ਕਰਵਾਇਆ ਅਤੇ ਵਧਾਈ ਦਿੱਤੀ। ਇਸ ਮੌਕੇ ਸਕੂਲ ਅਧਿਆਪਕ ਰਾਜ ਕਮਲ, ਮੋਨਿਕਾ, ਸਰਬਜੀਤ ਕੌਰ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।

## ਸਰਕਾਰੀ ਹਾਈ ਸਕੂਲ ਦਸਗਰਾਂਈ ਦੀ ਵਿਦਿਆਰਥਣ ਹਰਪ੍ਰੀਤ ਕੌਰ ਨੇ ਮੈਰਿਟ ਵਿੱਚ ਬਣਾਇਆ ਸਥਾਨ



ਸ੍ਰੀ ਆਨੰਦਪੁਰ ਸਾਹਿਬ 18 ਅਪ੍ਰੈਲ (ਦਵਿੰਦਰਪਾਲ ਸਿੰਘ): ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਅੱਜ ਦਸਵੀਂ ਦੇ ਨਤੀਜੇ ਐਲਾਨੇ ਗਏ ਜਿਸ ਵਿੱਚ ਸਰਕਾਰੀ ਹਾਈ ਸਕੂਲ ਦਸਗਰਾਂਈ (ਜਿਲ੍ਹਾ ਰੂਪਨਗਰ) ਦੀ ਵਿਦਿਆਰਥਣ ਹਰਪ੍ਰੀਤ ਕੌਰ ਨੇ 97.08% ਅੰਕ (631/650) ਪ੍ਰਾਪਤ ਕਰਕੇ ਮੈਰਿਟ ਵਿੱਚ ਸਥਾਨ ਹਾਸਲ ਕੀਤਾ। ਸਕੂਲ ਇੰਚਾਰਜ ਮੈਡਮ ਪਰਮਜੀਤ ਕੌਰ ਨੇ ਵਿਦਿਆਰਥਣ ਹਰਪ੍ਰੀਤ ਕੌਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸਕੂਲ ਦੀ ਵਿਦਿਆਰਥਣ ਹਰਪ੍ਰੀਤ ਕੌਰ ਨੇ ਜਿੱਥੇ ਮੈਰਿਟ ਵਿੱਚ ਸਥਾਨ ਹਾਸਲ ਕਰਕੇ ਸਕੂਲ ਦਾ, ਆਪਣੇ ਮਾਤਾ ਪਿਤਾ ਦਾ ਨਾਮ ਰੋਸ਼ਨ ਕੀਤਾ ਹੈ ਉਥੇ ਪੂਰੇ ਇਲਾਕੇ ਦਾ ਮਾਣ ਵਧਾਇਆ ਹੈ। ਉਹਨਾਂ ਵਿਦਿਆਰਥਣ ਹਰਪ੍ਰੀਤ ਕੌਰ ਨੂੰ ਅੱਗੇ ਤੋਂ ਹੋਰ ਜਿਆਦਾ ਮਿਹਨਤ ਕਰਕੇ ਮੈਰਿਟ ਵਿੱਚ ਹੋਰ ਉੱਚੀ ਥਾਂ ਹਾਸਲ ਕਰਨ ਲਈ ਪ੍ਰੇਰਿਆ। ਇਸ ਮੌਕੇ ਮਹੇਸ਼ ਕੁਮਾਰ, ਗੁਰਪ੍ਰੀਤ ਕੌਰ, ਸਾਲੂ ਸੋਨੀ, ਅਜੇ ਬੈਂਸ, ਜਯੋਤੀ ਕੁਮਾਰੀ, ਪੂਨਮ ਰਾਣੀ, ਹਰਲੀਨ ਕੌਰ, ਜਸਵੀਰ ਕੌਰ, ਅਮਰਜੀਤ ਕੌਰ, ਰਿੰਪੀ ਸ਼ਰਮਾ, ਸੁਨੈਨਾ ਦੇਵੀ, ਵਿਜੇ ਕੁਮਾਰ ਦੜੋਲੀ, ਵਿਜੇ ਕੁਮਾਰ ਕਲਿਤਰਾਂ, ਅਸ਼ੋਕ ਰਾਣਾ, ਨਿਰੂਪਮ ਕਾਲੀਆ, ਚੰਦਰਸ਼ੇਖਰ ਆਦਿ ਹਾਜ਼ਰ ਸਨ।



# 4500 ਰੁਪਏ ਰਿਸ਼ਵਤ ਲੈਂਦਾ ਸਹਾਇਕ ਸਬ ਇੰਸਪੈਕਟਰ ਵਿਜੀਲੈਂਸ ਬਿਊਰੋ ਵੱਲੋਂ ਕਾਬੂ

ਚੰਡੀਗੜ੍ਹ, 18 ਅਪ੍ਰੈਲ, (ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ)- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਬੁੱਧਵਾਰ ਨੂੰ ਪੁਲਿਸ ਥਾਣਾ ਬਸਤੀ ਜੋਧੇਵਾਲ, ਕਮਿਸ਼ਨਰੇਟ ਲੁਧਿਆਣਾ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਗੁਰਪ੍ਰੀਤ ਸਿੰਘ ਨੂੰ 4,500 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਰੰਗੇ ਹੱਥੀਂ ਕਾਬੂ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਾਜ਼ਮ ਨੂੰ ਵਿਜੈ ਕੁਮਾਰ ਵਾਸੀ ਕਾਕੋਵਾਲ ਰੋਡ, ਲੁਧਿਆਣਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ‘ਤੇ ਗ੍ਰਿਫਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਸ ਵੱਲੋਂ ਥਾਣੇ ਵਿੱਚ ਦਰਜ ਕਰਵਾਏ ਪੁਲਿਸ ਕੇਸ ਸਬੰਧੀ ਅਦਾਲਤ ਵਿੱਚ ਚਲਾਣ ਪੇਸ਼ ਕਰਨ ਬਦਲੇ ਉਕਤ ਏ.ਐਸ.ਆਈ. ਨੇ 4500 ਰੁਪਏ ਹੋਰ ਰਿਸ਼ਵਤ ਦੀ ਮੰਗ ਕੀਤੀ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਉਕਤ ਮੁਲਜ਼ਮ ਪਹਿਲਾਂ ਵੀ ਕਿਸ਼ਤਾਂ ਦੇ ਰੂਪ ਵਿੱਚ ਉਸ ਕੋਲ਼ੋਂ 20,500 ਰੁਪਏ ਰਿਸ਼ਵਤ ਲੈ ਚੁੱਕਾ ਹੈ ਅਤੇ ਬਾਕੀ 4500 ਰੁਪਏ ਦੀ ਹੋਰ ਮੰਗ ਕਰ ਰਿਹਾ ਹੈ।

ਬੁਲਾਰੇ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਉਕਤ ਪੁਲਿਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 4,500 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਬੁਲਾਰੇ ਨੇ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿੱਚ ਪੁਲਿਸ ਅਧਿਕਾਰੀ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਵੋਟਰਾਂ ‘ਚ ਜਾਗਰੂਕਤਾ ਪੈਦਾ ਕਰਨ ਲਈ ਮਨੁੱਖੀ ਚੇਨਾਂ ਬਣਾਈਆਂ



ਲੁਧਿਆਣਾ, 18 ਅਪ੍ਰੈਲ (ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ) - ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕ ਸਭਾ ਚੋਣਾਂ-2024 ਦੌਰਾਨ ਵੱਧ ਤੋਂ ਵੱਧ ਮਤਦਾਨ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਕੰਮ ਕਰਨ ਦੇ ਨਾਲ, ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿੱਚ ਵਿਦਿਆਰਥੀਆਂ ਨੇ ਜ਼ਿਲ੍ਹਾ ਵਾਸੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਮਨੁੱਖੀ ਚੇਨਾਂ ਬਣਾਈਆਂ।

ਅੱਜ ਵਿਦਿਆਰਥੀਆਂ ਵੱਲੋਂ ਸਰਕਾਰੀ ਹਾਈ ਸਕੂਲ ਅਮਲੋਹ ਰੋਡ (ਖੰਨਾ), ਸਕੂਲ ਆਫ਼ ਐਮੀਨੈਂਸ ਖੰਨਾ, ਬੀ.ਸੀ.ਐਮ. ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ ਸਮੇਤ ਹੋਰਨਾਂ ਸਕੂਲਾਂ ਨੇ ਆਪੋ-ਆਪਣੇ ਸਕੂਲਾਂ ਵਿੱਚ ਮਨੁੱਖੀ ਚੇਨਾਂ ਬਣਾਈਆਂ ਅਤੇ ਵਸਨੀਕਾਂ ਨੂੰ 1 ਜੂਨ, 2024 ਨੂੰ ਆਪਣੇ ਘਰਾਂ ਤੋਂ ਬਾਹਰ ਆ ਕੇ ਆਪਣੇ ‘ਵੋਟ ਦੇ ਅਧਿਕਾਰ’ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ।

ਟੈਗੋਰ ਪਬਲਿਕ ਸਕੂਲ, ਅਗਰ ਨਗਰ ਵਿੱਚ ਪੇਪਰ ਰੀਡਿੰਗ, ਡਿਬੇਟ, ਕੁਇਜ਼ ਮੁਕਾਬਲੇ ਕਰਵਾਏ ਗਏ; ਗੁਰੂ ਨਾਨਕ ਪਬਲਿਕ ਸਕੂਲ, ਸਰਾਭਾ ਨਗਰ, ਗੁਰੂ ਨਾਨਕ ਇੰਟਰਨੈਸ਼ਨਲ ਪਬਲਿਕ ਸਕੂਲ ਆਦਿ ਵਿੱਚ ਹੋਰ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਗਈਆਂ। ਸੰਤ ਕਰਤਾਰ ਸਿੰਘ ਕਮਾਲੀਆਵਾਲੇ, ਸਲੇਮ ਟਾਬਰੀ ਦੇ ਵਿਦਿਆਰਥੀਆਂ ਵੱਲੋਂ ਜਾਗਰੂਕਤਾ ਰੈਲੀ ਵੀ ਕੱਢੀ ਗਈ

ਇਸ ਤੋਂ ਇਲਾਵਾ ਲੁਧਿਆਣਾ ਦੱਖਣੀ, ਲੁਧਿਆਣਾ ਪੱਛਮੀ, ਸਾਹਨੇਵਾਲ, ਗਿੱਲ ਸਮੇਤ ਹੋਰ ਵੱਖ-ਵੱਖ ਖੇਤਰਾਂ ਵਿੱਚ ਵੋਟਰ ਜਾਗਰੂਕਤਾ ਅਤੇ ਵੋਟਰ ਰਜਿਸਟ੍ਰੇਸ਼ਨ ਕੈਂਪ ਲਗਾਏ ਗਏ। ਸਿਸਟਮੈਟਿਕ ਵੋਟਰਜ਼ ਐਜੂਕੇਸ਼ਨ ਐਂਡ ਇਲੈਕਟੋਰਲ ਪਾਰਟੀਸੀਪੇਸ਼ਨ (ਸਵੀਪ) ਪ੍ਰੋਗਰਾਮ ਤਹਿਤ ਵੋਟਰਾਂ ਨੂੰ ਉਤਸ਼ਾਹਿਤ ਕਰਨ ਲਈ ਇਹ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਜਿੱਥੇ ਰਜਿਸਟਰਡ ਵੋਟਰਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਜਾ ਰਹੀ ਹੈ, ਉੱਥੇ ਹੀ ਜਿਹੜੇ ਯੋਗ ਵਸਨੀਕਾਂ ਨੇ ਅਜੇ ਤੱਕ ਆਪਣੀ ਵੋਟ ਨਹੀਂ ਬਣਵਾਈ ਹੈ, ਉਨ੍ਹਾਂ ਨੂੰ ਵੋਟਰ ਵਜੋਂ ਆਪਣਾ ਨਾਮ ਰਜਿਸਟਰ ਕਰਵਾਉਣ ਦੀ ਅਪੀਲ ਕੀਤੀ ਜਾ ਰਹੀ ਹੈ। ਨਵੇਂ ਯੋਗ ਵਸਨੀਕ ਆਪਣੇ ਆਪ ਨੂੰ ਵੋਟਰ ਵਜੋਂ ਰਜਿਸਟਰ ਕਰਵਾਉਣ ਲਈ ‘ਵੋਟਰ ਹੈਲਪਲਾਈਨ’ ਮੋਬਾਈਲ ਐਪਲੀਕੇਸ਼ਨ ਅਤੇ ਨੈਸ਼ਨਲ ਵੋਟਰ ਸਰਵਿਸਿਜ਼ ਪੋਰਟਲ (ਐਨ.ਵੀ.ਐਸ.ਪੀ.) ਦੀ ਵਰਤੋਂ ਕਰ ਸਕਦੇ ਹਨ। ਆਪਣੇ ਆਪ ਨੂੰ ਵੋਟਰ ਵਜੋਂ ਰਜਿਸਟਰ ਕਰਨ ਲਈ ਨਿਵਾਸੀ www.nvsp.in ‘ਤੇ ਵੀ ਜਾ ਸਕਦੇ ਹਨ। ਵਸਨੀਕ 4 ਮਈ, 2024 ਤੱਕ ਵੋਟਰ ਵਜੋਂ ਆਪਣਾ ਨਾਮ ਰਜਿਸਟਰ ਕਰਵਾ ਸਕਦੇ ਹਨ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਸਵੀਪ ਪ੍ਰੋਗਰਾਮ ਤਹਿਤ ਜ਼ਿਲ੍ਹੇ ਵਿੱਚ ਲਗਾਤਾਰ ਵੋਟਰ ਜਾਗਰੂਕਤਾ ਅਤੇ ਰਜਿਸਟ੍ਰੇਸ਼ਨ ਕੈਂਪ ਲਗਾਏ ਜਾ ਰਹੇ ਹਨ। ਜ਼ਿਲ੍ਹਾ ਪ੍ਰਸ਼ਾਸਨ ਦਾ ਉਦੇਸ਼ ਲੋਕ ਸਭਾ ਚੋਣਾਂ-2024 ਚੋਣਾਂ ਦੌਰਾਨ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਅਤੇ ਲੋਕ ਸਭਾ ਚੋਣਾਂ ਦੌਰਾਨ 70 ਪ੍ਰਤੀਸ਼ਤ (ਇਸ ਵਾਰ, 70 ਪਾਰ) ਤੋਂ ਵੱਧ ਵੋਟਰਾਂ ਦੇ ਮਤਦਾਨ ਦੇ ਟੀਚੇ ਨੂੰ ਪ੍ਰਾਪਤ ਕਰਨਾ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇੱਕ ਮਜ਼ਬੂਤ ਲੋਕਤੰਤਰ ਲਈ ਪੋਲਿੰਗ ਵਾਲੇ ਦਿਨ (1 ਜੂਨ) ਨੂੰ ਘਰੋਂ ਬਾਹਰ ਆਉਣ ਅਤੇ ਆਪਣੀ ਵੋਟ ਪਾਉਣ, ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਦੇ ਬਿਹਤਰ ਭਵਿੱਖ ਦੇ ਨਿਰਮਾਣ ਵਿੱਚ ਵੀ ਮਦਦ ਮਿਲੇਗੀ।

# ਇਨਰਵੀਲ੍ਹ ਕਲੱਬ ਖਰੜ ਵਲੋਂ ਸੋਢੀ ਸਕੂਲ ਖਰੜ ਦੀਆਂ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ



ਖਰੜ,18 ਅਪ੍ਰੈਲ (ਕਾਲਾ ਸਿੰਘ ਸੈਣੀ )- ਇਨਰਵੀਲ੍ਹ ਕਲੱਬ ਆਫ ਖਰੜ ਵਲੋਂ ਬੀ.ਐਸ.ਐਮ.ਸਿੱਖ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ ਸਕੂਲ ਦੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ। ਕਲੱਬ ਦੀ ਪ੍ਰਧਾਨ ਰਾਜਵੰਤ ਕੌਰ ਨੇ ਦਸਿਆ ਕਿ ਕਲੱਬ ਵਲੋਂ ਸਾਲ 1988 ਤੋਂ ਲਗਾਤਾਰ ਸ਼ੋਸਲ ਸਮਾਜ ਸੇਵੀ ਕੰਮ ਕੀਤੇ ਜਾ ਰਹੇ ਹਨ ਅਤੇ ਇਸ ਸਕੂਲ ਦੇ ਬੱਚਿਆਂ ਨੂੰ ਵੀ ਸਟੇਸ਼ਨਰੀ ਵੰਡੀ ਗਈ। ਉਨ੍ਹਾਂ ਦਸਿਆ ਕਿ ਸੰਸਥਾ ਵਲੋਂ ਹਰ ਸਾਲ ਮਾਤਾ ਗੁਜ਼ਰੀ ਬਿਰਧ ਆਸ਼ਰਮ, ਜੋਤੀ ਕੰਨਿਆਂ ਆਸਰਮ ਖਰੜ ਵਿਚ ਗਰੀਬ ਲੜਕੀਆਂ ਦੀ ਮੱਦਦ ਲਈ ਖਾਣ ਪੀਣ ਦਾ ਸਮਾਨ ਅਤੇ ਲੜਕੀਆਂ ਦੀ ਪੜਾਈ ਲਈ ਖਰਚੇ ਕੀਤੇ ਜਾਂਦੇ ਹਨ। ਸਕੂਲ ਦੇ ਮੈਨੇਜ਼ਰ ਕਰਮਜੀਤ ਸਿੰਘ ਸੋਢੀ ਵਲੋਂ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਸੁਖਵਿੰਦਰ ਕੌਰ ਖਜਾਨਚੀ, ਈਸ਼ਾ ਕੌਸ਼ਲ ਸੰਪਾਦਕ, ਸਕੂਲ ਦੀ ਪ੍ਰਿੰਸੀਪਲ ਮਨਜੀਤ ਕੌਰ,ਰਣਵੀਰ ਕੌਰ, ਨੀਲਮ ਜੀ, ਸਿਮਰਨ ਕੌਰ, ਸਤਵੰਤ ਕੌਰ,ਰਾਜਿੰਦਰ ਕੌਰ ਬਾਂਸਲ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।




publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ ‘ਲੋਕ ਬਾਣੀ’ ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ ‘ਲੋਕ ਬਾਣੀ’ ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक वाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक वाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਕਿਸਾਨਾਂ ਨੇ ਧਰਮਕੋਟ ‘ਚ ਹੰਸਰਾਜ ਹੰਸ ਦਾ ਕੀਤਾ ਡਟ ਕੇ ਵਿਰੋਧ

## ਵਿਰੋਧ ਤੋਂ ਡਰਦਿਆਂ ਹੰਸ ਰਾਜ ਨਹੀਂ ਪਹੁੰਚੇ ਦਿੱਤੇ ਸਥਾਨ ਤੇ

ਕੋਟ ਇਸੇ ਖਾਂ (ਅਰੋੜਾ) ਆਪਣੇ ਚੋਣ ਪ੍ਰਚਾਰ ਲਈ ਬੀਜੇਪੀ ਵੱਲੋਂ ਲੋਕ ਸਭਾ ਹਲਕਾ ਫਰੀਦਕੋਟ ਤੋਂ ਉਮੀਦਵਾਰ ਹੰਸ ਰਾਜ ਹੰਸ ਮੋਗਾ ਜਿਲ੍ਹੇ ਦੇ ਹਲਕਾ ਧਰਮਕੋਟ ਵਿੱਚ ਪਹੁੰਚਣ ਤੇ ਪਹੁੰਚ ਤੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਕਿਸਾਨਾਂ ਵੱਲੋਂ ਬੀਜੇਪੀ ਦੇ ਉਮੀਦ ਵਾਰ ਦਾ ਡਟਵਾਂ ਵਿਰੋਧ ਕੀਤਾ ਗਿਆ,ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਤੋਤੇਵਾਲ ਦੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ,ਕੁਲ ਹਿੰਦ ਕਿਸਾਨ ਸਭਾ ਤੋਂ ਸੂਰਤ ਸਿੰਘ ਕਾਮਰੇਡ,ਕਿਰਤੀ ਕਿਸਾਨ ਯੂਨੀਅਨ ਤੋਂ ਕੁਲਜੀਤ ਸਿੰਘ ਪੰਡੋਰੀ ਸਾਥੀਆਂ ਸਮੇਤ ਪਹੁੰਚੇ,ਕਿਸਾਨ ਆਗੂ ਸੁੱਖ ਗਿੱਲ ਮੋਗਾ ਨੇ ਬੋਲਦਿਆਂ ਕਿਹਾ ਕੇ ਅੱਜ ਹੰਸ ਰਾਜ ਹੰਸ ਧਰਮਕੋਟ ਸੂਦਾਂ ਵਾਲੇ ਚੌਕ ਵਿੱਚ ਦਿੱਤੇ ਹੋਏ ਸਥਾਨ ਤੇ ਕਿਸਾਨਾਂ ਦੇ ਵਿਰੋਧ ਕਾਰਨ ਨਹੀਂ ਪਹੁੰਚੇ ਅਤੇ ਧਰਮਕੋਟ ਤੋਂ ਸਿੱਧੇ ਇੰਦਗੜ੍ਹ ਝਿੜੀ ਅਤੇ ਕਿਸ਼ਨਪੁਰੇ ਵੱਲ ਨਿਕਲ ਗਏ,ਕਿਸਾਨ ਆਗੂ ਨੇ ਕਿਹਾ ਕੇ ਅੱਜ ਹੰਸ ਰਾਜ ਹੰਸ ਸਾਡੇ ਸਵਾਲਾਂ ਦੇ ਜਵਾਬ ਦੇਣ ਤੋਂ ਭੱਜ ਗਏ ਹਨ ਉਹ ਜਦ ਜਦ ਵੀ ਮੋਗਾ ਜਿਲ੍ਹੇ ਦੇ ਕਿਸੇ ਵੀ ਪਿੰਡ ਪਹੁੰਚਣਗੇ ਅਸੀਂ ਉਹਨਾਂ ਤੋਂ ਸਵਾਲ ਵੀ ਪੁੱਛਾਂਗੇ ਅਤੇ ਡਟਵਾਂ ਵਿਰੋਧ ਵੀ ਕਰਾਂਗੇ,ਇਸ ਮੌਕੇ ਕੇਵਲ ਸਿੰਘ ਖਹਿਰਾ ਜਿਲ੍ਹਾ ਪ੍ਰਧਾਨ ਜਲੰਧਰ,ਪਰਮਜੀਤ ਸਿੰਘ ਗਦਾਈਕੇ ਜਿਲ੍ਹਾ ਪ੍ਰਧਾਨ ਤਰਨਤਾਰਨ,ਸੁਖਦੇਵ ਸਿੰਘ ਕਬੀਰਪੁਰ ਜਿਲ੍ਹਾ ਪ੍ਰਧਾਨ ਕਪੂਰਥਲਾ,ਲਖਵਿੰਦਰ ਸਿੰਘ ਕਰਮੂੰਵਾਲਾ ਜਿਲ੍ਹਾ ਪ੍ਰਧਾਨ ਫਿਰੋਜਪੁਰ,ਫਤਿਹ ਸਿੰਘ ਭਿੰਡਰ ਮੀਤ ਪ੍ਰਧਾਨ





ਪੰਜਾਬ,ਅਮਰੀਕ ਸਿੰਘ ਕਬੀਰਪੁਰ ਕੋਰ ਕਮੇਟੀ ਮੈਂਬਰ ਪੰਜਾਬ,ਦਵਿੰਦਰ ਸਿੰਘ ਸ਼ਹਿਰੀ ਪ੍ਰਧਾਨ ਕੋਟ ਈਸੇ ਖਾਂ,ਜਸਵੰਤ ਸਿੰਘ ਲੋਹਗੜ੍ਹ ਮੀਤ ਪ੍ਰਧਾਨ ਜਲੰਧਰ,ਜਥੇਦਾਰ ਸਾਬ ਸਿੰਘ ਲਲਿਹਾਂਦੀ,ਸਾਬ ਸਿੰਘ ਦਾਨੇਵਾਲਾ ਬਲਾਕ ਪ੍ਰਧਾਨ,ਮਨਦੀਪ ਸਿੰਘ ਮੰਨਾਂ ਬਲਾਕ ਪ੍ਰਧਾਨ,ਦਲਜੀਤ ਸਿੰਘ ਸਰਪੰਚ ਦਾਨੇਵਾਲ,ਤਾਰਾ ਸਿੰਘ ਘਲੋਟੀ,ਗੁਰਜੀਤ ਸਿੰਘ ਕੜਾਹੇਵਾਲਾ ਯੂਥ ਆਗੂ,ਭਿੰਦਰ ਬਾਬਾ ਰਸੂਲਪੁਰ ਇਕਾਈ ਪ੍ਰਧਾਨ,ਜਸਮੋਹਨ ਸਿੰਘ ਕੋਕਰੀ ਇਕਾਈ ਪ੍ਰਧਾਨ,ਗੁਰਮੁੱਖ ਸਿੰਘ ਪੰਡੋਰੀ ਇਕਾਈ ਪ੍ਰਧਾਨ, ਹਰਮਨ ਸਿੰਘ ਕੜਾਹੇ ਵਾਲਾ ਇਕਾਈ ਪ੍ਰਧਾਨ, ਲਖਵਿੰਦਰ ਸਿੰਘ ਜੂਲਕਾ ਇਕਾਈ ਪ੍ਰਧਾਨ ਢੋਲੇਵਾਲਾ,ਬੋਹੜ ਸਿੰਘ ਇਕਾਈ ਪ੍ਰਧਾਨ ਦਾਨੇਵਾਲਾ,ਤਲਵਿੰਦਰ ਸਿੰਘ ਗਿੱਲ ਯੂਥ ਆਗੂ, ਲੱਖਾ ਦਾਨੇਵਾਲਾ ਯੂਥ ਆਗੂ,ਤਜਿੰਦਰ ਸਿੰਘ ਬਲਾਕ ਪ੍ਰਧਾਨ ਸਿੱਧਵਾਂਬੇਟ,ਨਿਰਮਲ ਸਿੰਘ ਇਕਾਈ ਪ੍ਰਧਾਨ ਬੱਡੂਵਾਲਾ, ਗੋਰਾ ਜੀਂਦੜਾ ਇਕਾਈ ਪ੍ਰਧਾਨ,ਰਣਜੀਤ ਸਿੰਘ ਇਕਾਈ ਪ੍ਰਧਾਨ ਚੱਕ ਤਾਰੇਵਾਲਾ,ਗੁਰਵਿੰਦਰ ਸਿੰਘ ਮੂਸੇਵਾਲਾ ਇਕਾਈ ਪ੍ਰਧਾਨ,ਸੁਖਵਿੰਦਰ ਸਿੰਘ ਜਾਫਰ ਇਕਾਈ ਪ੍ਰਧਾਨ,ਗੁਰਚਰਨ ਸਿੰਘ ਇਕਾਈ ਪ੍ਰਧਾਨ ਤੋਤਾ ਸਿੰਘ ਵਾਲਾ,ਸੁਖਦੇਵ ਸਿੰਘ ਸ਼ੇਰੇਵਾਲਾ ਇਕਾਈ ਪ੍ਰਧਾਨ,ਬਲਵੰਤ ਸਿੰਘ ਗਿੱਲ,ਰਣਜੀਤ ਸਿੰਘ ਗਿੱਲ,ਸੁਰਜੀਤ ਸਿੰਘ ਗਿੱਲ,ਸ਼ੇਰ ਸਿੰਘ ਦਾਨੇਵਾਲਾ,ਭਵਨਦੀਪ ਸਿੰਘ ਘਲੋਟੀ,ਭਿੰਦਾ ਜੱਟ,ਜੋਧ ਸਿੰਘ ਕੋਟ ਈਸੇ ਖਾਂ, ਮਹਿਲ ਸਿੰਘ ਕੋਟ ਈਸੇ ਖਾਂ,ਨਿਸ਼ਾਨ ਦਾਨੇਵਾਲਾ, ਪਰਿਤਪਾਲ ਘਲੋਟੀ ਹਾਜਰ ਸਨ।



# ਦਿਲਰੋਜ਼ ਦੇ ਕਾਤਲ ਨੂੰ ਫਾਂਸੀ ਹੋਣਾ ਪਰਿਵਾਰ ਤੇ ਸਮਾਜ ਦੇ ਸੰਘਰਸ਼ ਨੂੰ ਬੂਰ ਪਿਆ - ਗੁਰਦੀਪ ਸਿੰਘ ਗੋਸ਼ਾ

ਲੁਧਿਆਣਾ( ਸੁਖਚੈਨ ਮਹਿਰਾ) ਦਿਲਰੋਜ ਦੇ ਕਾਤਲ ਨੂੰ ਫਾਂਸੀ ਹੋਣਾ ਇਕ ਸਮਾਜ ਵਿੱਚ ਕਾਨੂੰਨ ਪ੍ਰਤੀ ਆਸਥਾ ਵਿੱਚ ਵਾਦਾ ਹੋਣਾ ਹੈ ਅਤੇ ਸਮਾਜ ਨੂੰ ਚੰਗਾ ਸੁਨੇਹਾ ਹੈ ਅਤੇ ਸਮਾਜ ਦੇ ਬੁਰੇ ਲੋਕਾਂ ਨੂੰ ਇਕ ਚੰਗਾ ਸਬਕ ਹੈ ਗੁਰਦੀਪ ਸਿੰਘ ਗੋਸ਼ਾ ਮੀਡੀਆ ਪੇਂਲਿਸਟ ਭਾਜਪਾ ਪੰਜਾਬ ਨੇ ਬੋਲਦਿਆਂ ਕਿਹਾ ਕੀ ਸਵਰਗਵਾਸੀ ਦਿਕਰੋਜ ਦੇ ਪਿਤਾ ਹਰਪ੍ਰੀਤ ਸਿੰਘ ਜੀ ਮਾਤਾ ਜੀ ਦਾਦਾ ਜੀ ਪੂਰਾ ਪਰਿਵਾਰ ਅਤੇ ਸਮਾਜ ਦੇ ਹਰ ਇਨਸਾਨ ਦੇ ਸੰਘਰਸ਼ ਦੀ ਜਿੱਤ ਹੈ ਅਤੇ ਉਮੀਦ ਕਰਦੇ ਹਾਂ ਦੁਬਾਰਾ ਕੋਈ ਵੀ ਦੀਲਰੋਜ ਸਾਨੂੰ ਨਾ ਛੱਡ ਕੇ ਜਾਵੇ ਅਤੇ ਪ੍ਰੈਸ ਨਾਲ ਗੱਲਬਾਤ ਕਰਦੇ ਕਿਹਾ ਕਿ ਮਾਣਯੋਗ ਅਦਾਲਤ ਅਤੇ ਜੱਜ ਸਾਹਿਬਾਨ ਦਾ ਤੇ ਪਤਰਕਾਰ ਸਾਹਿਬਾਨਾਂ ਦਾ ਧੰਨਵਾਦ ਕਰਦਾ ਹਾ ਕੀ ਜਿਸ ਨੇ ਸੱਚ ਨੂੰ ਉਜਾਗਰ ਕੀਤਾ ।

# ਗੁਰੂ ਨਗਰੀ ‘ਚ ਡੀ ਜੌਨ ਜਿਮ ਦਾ ਹੋਇਆ ਉਦਘਾਟਨ

## ਇਲਾਕੇ ਦੇ ਨੌਜਵਾਨਾਂ ਨੂੰ ਨਿਰੋਗ ਤੇ ਫਿੱਟ ਰੱਖਣ ਦੇ ਮੰਤਵ ਨਾਲ ਸ਼ੁਰੂ ਕੀਤਾ ਗਿਆ ਜਿਮ: ਜਗਜੀਤ ਸਿੰਘ



ਸ੍ਰੀ ਅਨੰਦਪੁਰ ਸਾਹਿਬ, 18 ਅਪ੍ਰੈਲ(ਦਵਿੰਦਰਪਾਲ ਸਿੰਘ): ਇਲਾਕੇ ਅੰਦਰ ਫਿਟਨੈਸ ਜੋੜੇ ਵਜੋਂ ਜਾਣੇ ਜਾਂਦੇ ਜਗਜੀਤ ਸਿੰਘ ਅਤੇ ਪਰਮਪ੍ਰੀਤ ਕੌਰ ਵੱਲੋਂ ਹੁਣ ਨਵਾਂ ਜਿਮ ਸ਼ੁਰੂ ਕਰਕੇ ਇਲਾਕੇ ਅੰਦਰ ਆਪਣੀਆਂ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਦੱਸਣਯੋਗ ਹੈ ਕਿ ਡੀ-ਜੋਨ ਫਿੱਟਨੈੱਸ ਅਤੇ ਸਪਾ ਦੇ ਨਾਂ ਹੇਠ ਇਸ ਜੋੜੇ ਵੱਲੋ ਇਕ ਨਵਾਂ ਜਿਮ ਖਾਲਸਾ ਕਾਲਜ ਦੇ ਪਿਛਲੇ ਪਾਸੇ ਮਿੱਤਲ ਕਲੋਨੀ ਦੇ ਨਜ਼ਦੀਕ ਸ਼ੁਰੂ ਕੀਤਾ ਗਿਆ ਹੈ। ਅੱਜ ਇਸ ਜਿੰਮ ਦੇ ਉਦਘਾਟਨ ਮੌਕੇ ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਤੇ ਇਸ ਮੌਕੇ ਇਲਾਕੇ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਹਾਜ਼ਰੀਆਂ ਭਰੀਆਂ। ਇਸ ਮੌਕੇ ਇਲਾਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਹੱਡੀਆਂ ਦੇ ਨਾਮਵਰ ਮਾਹਿਰ ਡਾ.ਜਸਸਿਮਰਨ ਸਿੰਘ ਕਹਿਲ, ਡਾਕਟਰ ਸਾਰਿਕਾ ਜਸਵਾਲ, ਮੈਨੇਜਰ ਹਰਦੇਵ ਸਿੰਘ, ਅਕਾਲੀ ਆਗੂ ਸਤਨਾਮ ਸਿੰਘ ਝੱਜ, ਨਾਮਵਰ ਐਂਕਰ ਸ਼ਮੀ ਡਾਬਰਾ, ਮਨਿੰਦਰਪਾਲ ਸਿੰਘ ਮਨੀ, ਡਾ. ਸੁਰਿੰਦਰ ਕੁਮਾਰ, ਨਵੀਨ ਕੁਮਾਰ, ਐਥਲੈਟਿਕ ਕੋਚ ਪਰਦੀਪ ਸਿੰਘ ਮਾਨ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਇਸ ਮੌਕੇ ਗੱਲ ਕਰਦਿਆਂ ਜਗਜੀਤ ਸਿੰਘ ਨੇ ਦੱਸਿਆ ਕਿ ਉਹ ਤੇ ਉਹਨਾਂ ਦੀ ਪਤਨੀ ਪਰਮਪ੍ਰੀਤ ਕੌਰ ਪਹਿਲਾਂ ਵੀ ਸਿਹਤਮੰਦ ਰਹਿਣ ਲਈ ਆਮ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ ਤੇ ਹੁਣ ਇਸੇ ਲੜੀ ‘ਚ ਉਨ੍ਹਾਂ ਵੱਲੋ ਪਹਿਲਕਦਮੀ ਕਰਦਿਆਂ ਨਵੀਂ ਜਿਮ ਖੋਲੀ ਗਈ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਮੰਤਵ ਹੈ ਕਿ ਲੋਕਾਂ ਨੂੰ ਅਰੋਗ ਤੇ ਫਿੱਟ ਰੱਖਣ ਲਈ ਜਾਣਕਾਰੀ ਦਿੱਤੀ ਜਾਵੇ ਅਤੇ ਘੱਟ ਖਰਚੇ ਤੇ ਉਨ੍ਹਾਂ ਲਈ ਕਸਰਤ ਕਰਨ ਲਈ ਵਧੀਆ ਸੁਵਿਧਾਵਾਂ ਆਪਣੀ ਜਿਮ ਵਿਚ ਪ੍ਰਦਾਨ ਕੀਤੀਆਂ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ. ਪ੍ਰੇਮ ਸਿੰਘ, ਸ. ਸੁਖਜੀਤ ਸਿੰਘ ਢਿੱਲੋਂ, ਰੱਜਤ ਰਸ਼ਪਨਾ, ਸ . ਜਗਜੀਤ ਸਿੰਘ ਢਿੱਲੋਂ, ਸੰਨੀ ਵਾਲੀਆ, ਸਤਵਿੰਦਰ ਕੌਰ, ਸਿਮਰਨ ਕੌਰ ਸੈਣੀ, ਰਾਜਵੀਰ ਕੌਰ, ਮਨਪ੍ਰੀਤ ਸਿੰਘ (ਮੰਨਾ), ਬੇਦੀ ਗਾਰਮੈਂਟ ਪਰਿਵਾਰ, ਸੰਤ ਬੂਟ ਹਾਊਸ ਪਰਿਵਾਰ ਅਤੇ ਹੋਰ ਸੰਗਤਾ ਨੇ ਸ਼ਮੂਲੀਅਤ ਕੀਤੀ।

## ਚੀਫ ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਵੱਲੋਂ ਵਿਦਿਆਥੀਆਂ ਨੂੰ ਵਜ਼ੀਫਾ ਦਿੱਤਾ ਗਿਆ



ਸ੍ਰੀ ਅਨੰਦਪੁਰ ਸਾਹਿਬ 18 ਅਪ੍ਰੈਲ(ਦਵਿੰਦਰਪਾਲ ਸਿੰਘ) ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਸਥਾਨਕ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀਆਂ ਨੂੰ ਸੋਢੀ ਕਲਿਆਣ ਸਿੰਘ ਮਾਤਾ ਪ੍ਰਕਾਸ਼ ਕੌਰ ਮੈਮੋਰੀਅਲ ਸਕਾਲਰਸ਼ਿਪ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਲਈ ਚੀਫ਼ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਚੀਫ ਖਾਲਸਾ ਦੀਵਾਨ ਦੇ ਉਪ ਪ੍ਰਧਾਨ ਸੰਤੋਖ ਸਿੰਘ ਸੇਠੀ ਅਤੇ ਰੈਜੀਡੈਂਟ ਪ੍ਰੈਜੀਡੈਂਟ ਕੁਲਜੀਤ ਸਿੰਘ ਸਾਹਨੀ ਉਚੇਚੇ ਤੌਰ ਤੇ ਅੱਜ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚੇ। ਸਕੂਲ ਪਹੁੰਚਣ ਤੇ ਉਹਨਾਂ ਨੇ ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਅਤੇ ਲਗਨ ਦੇ ਨਾਲ ਪੜ੍ਹਾਈ ਕਰਨ ਦੇ ਲਈ ਅਤੇ ਜ਼ਿੰਦਗੀ ਵਿੱਚ ਇੱਕ ਕਾਮਯਾਬ ਇਨਸਾਨ ਬਣਨ ਲਈ ਪ੍ਰੇਰਿਤ ਕੀਤਾ । ਸਕੂਲ ਸਟਾਫ ਵੱਲੋਂ ਉਪ ਪ੍ਰਧਾਨ ਸੰਤੋਖ ਸਿੰਘ ਸੇਠੀ , ਕੁਲਜੀਤ ਸਿੰਘ ਸਾਹਨੀ ਰੈਜੀਡੈਂਟ ਪ੍ਰੈਜ਼ੀਡੈਂਟ ਅਤੇ ਸੈਕਟਰੀ ਐਜੂਕੇਸ਼ਨ ਅਮਰਜੀਤ ਸਿੰਘ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਨਿਸ਼ਾ ਗਰਗ, ਸਤਿੰਦਰ ਕੌਰ, ਰਜਿੰਦਰ ਕੌਰ, ਆਂਸ਼ੂ, ਜਸਪ੍ਰੀਤ ਕੌਰ ਸਮੇਤ ਸਮੂਹ ਸਟਾਫ ਅਤੇ ਸਕਾਲਰਸ਼ਿਪ ਲੈਣ ਵਾਲੇ ਵਿਦਿਆਰਥੀ ਹਾਜ਼ਰ ਸਨ ।

# ਕੋਟ ਈਸੇ ਖਾਂ ਸ਼ਿਵ ਬੋਲੀ ਮੰਦਰ ਵਿਖੇ ਸ਼ਰਧਾ ਭਾਵਨਾ ਤੇ ਧੂਮ-ਧਾਮ ਨਾਲ ਮਨਾਇਆ ਰਾਮ ਨੌਮੀ ਦਾ ਤਿਉਹਾਰ







ਕੋਟ ਈਸੇ ਖਾਂ (ਅਰੋੜਾ) ਮਰਿਆਦਾ ਪ੍ਰਸ਼ੋਤਮ ਭਗਵਾਨ ਸ੍ਰੀ ਰਾਮ ਚੰਦਰ ਜੀ ਦਾ ਜਨਮ ਦਿਹਾੜਾ ਕੋਟ ਈਸੇ ਖਾਂ ਦੇ ਸਾਰੇ ਮੰਦਰਾਂ ਵਿੱਚ ਅਥਾਹ ਸ਼ਰਧਾ ਪੂਰਵਕ ਮਨਾਇਆ ਗਿਆ।ਇਸੇ ਹੀ ਲੜੀ ਤਹਿਤ ਪ੍ਰਾਚੀਨ ਸ਼ਿਵ ਬੌਲੀ ਮੰਦਰ ਮਸੀਤਾ ਰੋਡ ਵਿਖੇ ਰਾਮ ਨੌਵੀਂ ਦਿਵਸ ਸ੍ਰੀ ਰਮਾਇਣ ਪ੍ਰਚਾਰ ਸੰਮਤੀ, ਸ਼੍ਰੀ ਰਾਧਾ ਕ੍ਰਿਸ਼ਨ ਮੰਡਲ ਅਤੇ ਸ਼ਿਵ ਬੋਲੀ ਮੰਦਿਰ ਲੰਗਰ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਰਾਮ ਨੌਮੀ ਦਿਵਸ ਮਨਾਇਆ ਗਿਆ। ਇਸ ਸਬੰਧੀ 27 ਮਾਰਚ ਤੋਂ ਲੈ ਕੇ 15 ਅਪ੍ਰੈਲ ਤੱਕ ਰੋਜਾਨਾ ਅੰਮ੍ਰਿਤ ਵੇਲੇ ਪ੍ਰਭਾਤ ਫੇਰੀਆਂ ਦਾ ਅਯੋਜਿਤ ਕੀਤਾ ਗਿਆ। ਪ੍ਰਭੂ ਸ੍ਰੀ ਰਾਮ ਜੀ ਦੇ ਜਨਮ ਉਤਸਵ ਦੇ ਸਬੰਧ ਵਿੱਚ 15 ਅਪ੍ਰੈਲ ਨੂੰ ਕਸਬਾ ਕੋਟ ਈਸੇ ਖਾਂ ਅੰਦਰ ਵਿਸ਼ਾਲ ਸ਼ੋਭਾ ਯਾਤਰਾ ਵੀ ਕੱਢੀ ਗਈ। ਰਾਮ ਨੌਮੀ ਵਾਲੇ ਦਿਨ ਸ਼ਿਵ ਬੋਲੀ ਮੰਦਿਰ ਵਿਖੇ ਸ਼੍ਰੀ ਰਮਾਇਨ ਜੀ ਦੇ ਪਾਠ ਦੇ ਭੋਗ ਪਾਉਣ ਸਮੇਂ ਭਾਰੀ ਗਿਣਤੀ ਵਿੱਚ ਮਾਈ ਭਾਈ ਸੰਗਤਾਂ ਹਾਜਰ ਸਨ। ਸਮੂਹ ਸੰਗਤਾਂ ਵੱਲੋਂ ਮਿਲ ਕੇ ਭਗਵਾਨ ਸ੍ਰੀ ਰਾਮ ਜੀ ਦੇ ਬਾਲ ਰੂਪ ਦੀ ਆਰਤੀ ਕੀਤੀ ਗਈ। ਵੱਖ-ਵੱਖ ਭਜਨ ਪਾਰਟੀਆਂ ਵੱਲੋਂ ਕਥਾ ਭਜਨ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਚੇਅਰਮੈਨ ਵਿਜੇ ਕੁਮਾਰ ਧੀਰ,ਮੁੱਖ ਪੁਜਾਰੀ ਬਦਰੀ ਪ੍ਰਸ਼ਾਦ,ਯਸ਼ਪਾਲ ਗੁਲਾਟੀ, ਸਾਹਿਤਕਾਰ ਜਗਦੀਸ਼ ਭਗਤ, ਦੀਪ ਧੀਰ ਨੇ ਸੰਗਤਾਂ ਨੂੰ ਸ੍ਰੀ ਰਾਮਨੌਮੀ ਦੀਆਂ ਵਧਾਈਆਂ ਦਿੰਦੀਆਂ ਕਿਹਾ ਕਿ ਭਗਵਾਨ ਸ੍ਰੀ ਰਾਮ ਜੀ ਵੱਲੋਂ ਦਰਸਾਏ ਨੇਕ ਰਸਤਿਆਂ ਤੇ ਚੱਲਣ ਕਰਕੇ ਸਾਰੇ ਕਾਰਜ ਸਫਲ ਹੁੰਦੇ ਹਨ ਅਤੇ ਮਨ ਨੂੰ ਆਤਮਿਕ ਸ਼ਾਂਤੀ ਮਿਲਦੀ ਹੈ। ਇਸ ਮੌਕੇ ਅਜੇ ਧੀਰ, ਮਨੋਜ ਮਿਸ਼ਰਾ ,ਅਜੇ ਮਿਸ਼ਰਾ, ਰਮੇਸ਼ ਗੁਲਾਟੀ, ਵਤਨ ਕੁਮਾਰ, ਪ੍ਰਿੰਸ, ਸੋਮ ਪ੍ਰਕਾਸ਼, ਨਰਿੰਦਰ ਤਿਵਾੜੀ, ਅਮਰਜੀਤ ਸ਼ਰਮਾ ,ਸਚਿਨ ਧੀਰ, ਸੁਰਿੰਦਰ ਕੁਮਾਰ,ਹੁਕਮ ਚੰਦ, ਭਗਤ ਜਗਦੀਸ਼ ਬਜਾਜ ,ਬਾਵੀ ਧੀਰ ਆਦਿ ਸੇਵਾਦਾਰ ਨੇ ਸੰਗਤਾਂ ਨੇ ਅਤੁੱਟ ਭੰਡਾਰਾ ਛਕਾ ਕੇ ਸੇਵਾ ਕੀਤੀ।

# ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਵੱਲੋਂ ਸਕਾਲਰਸ਼ਿਪ ਦਿੱਤਾ ਗਿਆ



ਸ੍ਰੀ ਅਨੰਦਪੁਰ ਸਾਹਿਬ, 18 ਅਪ੍ਰੈਲ(ਦਵਿੰਦਰਪਾਲ ਸਿੰਘ): ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਸਥਾਨਕ ਐਸ ਜੀ ਐਸ ਖਾਲਸਾ ਸੀ ਸੈ ਸਕੂਲ ਦੇ ਵਿਦਿਆਰਥੀਆਂ ਨੂੰ ਸੋਢੀ ਕਲਿਆਣ ਸਿੰਘ ਮਾਤਾ ਪ੍ਰਕਾਸ਼ ਕੌਰ ਮੈਮੋਰੀਅਲ ਸਕਾਲਰਸ਼ਿਪ ਦਿੱਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਲਈ ਚੀਫ਼ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਤੋਂ ਸਕੂਲ ਦੇ ਪੁਰਾਤਨ ਵਿਦਿਆਰਥੀ ਅਤੇ ਚੀਫ ਖਾਲਸਾ ਦੀਵਾਨ ਦੇ ਉਪ ਪ੍ਰਧਾਨ ਸੰਤੋਖ ਸਿੰਘ ਸੇਠੀ ਅਤੇ ਰੈਜੀਡੈਂਟ ਪ੍ਰੈਜੀਡੈਂਟ ਕੁਲਜੀਤ ਸਿੰਘ ਸਾਹਨੀ ਉਚੇਚੇ ਤੌਰ ਤੇ ਅੱਜ ਖਾਲਸਾ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚੇ। ਸਕੂਲ ਪਹੁੰਚਣ ਤੇ ਉਹਨਾਂ ਨੇ ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਅਤੇ ਲਗਨ ਦੇ ਨਾਲ ਪੜ੍ਹਾਈ ਕਰਨ ਦੇ ਲਈ ਅਤੇ ਜ਼ਿੰਦਗੀ ਵਿੱਚ ਇੱਕ ਕਾਮਯਾਬ ਇਨਸਾਨ ਬਣਨ ਲਈ ਪ੍ਰੇਰਿਤ ਕੀਤਾ । ਸਕੂਲ ਪ੍ਰਬੰਧ ਵੱਲੋਂ ਉਪ ਪ੍ਰਧਾਨ ਸੰਤੋਖ ਸਿੰਘ ਸੇਠੀ , ਕੁਲਜੀਤ ਸਿੰਘ ਸਾਹਨੀ ਰੈਜੀਡੈਂਟ ਪ੍ਰੈਜ਼ੀਡੈਂਟ ਅਤੇ ਸੈਕਟਰੀ ਐਨੂਕੇਸ਼ਨ ਅਮਰਜੀਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਐਨਸੀਸੀ ਅਫਸਰ ਰਣਜੀਤ ਸਿੰਘ , ਡਾ ਹਰਮਨਪ੍ਰੀਤ ਸਿੰਘ ਸਮੇਤ ਸਮੂਹ ਸਟਾਫ ਅਤੇ ਸਕਾਲਰਸ਼ਿਪ ਲੈਣ ਵਾਲੇ ਵਿਦਿਆਰਥੀ ਹਾਜ਼ਰ ਸਨ ।



## ਸਿਵਲ ਸਰਜਨ ਦੀ ਸੇਵਾ ਮੁਕਤੀ ਨੂੰ ਫਿਟਕਾਰ ਦਿਵਸ ਵਜੋਂ ਮਨਾਏਗੀ ਹੈਲਥ ਇਮਪਲਾਈਜ ਐਸੋਸੀਏਸ਼ਨ

ਅੰਮ੍ਰਿਤਸਰ ,- ਹੈਲਥ ਇੰਪਲਾਈਜ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਸਿਵਲ ਸਰਜਨ ਅੰਮ੍ਰਿਤਸਰ ਡਾ.ਵਿਜੇ ਕੁਮਾਰ ਵੱਲੋਂ ਆਪਣੀ ਅੰਮ੍ਰਿਤਸਰ ਵਲੋਂ ਵਰਗ ਦੇ ਜਾਇਜ਼ ਕੰਮਾਂ ਨੂੰ ਲਟਕਾਉਣ ਦੀ ਨੀਤੀ ਧਾਰਨ ਕਰ ਕੇ ਰੱਖਣ ਵਿਰੁੱਧ ਆਪਣੀ ਆਵਾਜ਼ ਲਗਾਤਾਰ ਬੁਲੰਦ ਰੱਖੀ ਹੈ ਅਤੇ ਹੁਣ ਇਸ ਅਧਿਕਾਰੀ ਦੀ ਸੇਵਾ ਮੁਕਤੀ ਦੇ ਦਿਨ 30 ਅਪਰੈਲ ਨੂੰ ਫਿਟਕਾਰ ਦਿਵਸ ਮਨਾਉਣ ਦਾ ਫੈਸਲਾ ਕੀਤਾ ਹੈ। ਜਥੇਬੰਦੀ ਦੇ ਆਗੂਆਂ ਬਾਬਾ ਸ਼ਮਸ਼ੇਰ ਸਿੰਘ ਕੋਹਰੀ,ਬਾਬਾ ਮਲਕੀਅਤ ਸਿੰਘ ਭੱਟੀ, ਅਸ਼ੋਕ ਕੁਮਾਰ ਸ਼ਰਮਾ,ਹਰਦੀਪ ਸਿੰਘ ਬਟਾਲਾ ਰੋਡ,ਬਲਦੇਵ ਸਿੰਘ ਝੰਡੇਰ, ਜਗਤਬੀਰ ਸਿੰਘ ਢਿੱਲੋਂ ਨੇ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਸ ਅਧਿਕਾਰੀ ਦੀ ਸੇਵਾ ਮੁਕਤੀ ਵਾਲੇ ਦਿਨ 30 ਅਪਰੈਲ ਨੂੰ ਇਸ ਨੂੰ ਕਾਲੇ ਝੰਡੇ ਵਿਖਾ ਕੇ ਇਸ ਦੇ ਭ੍ਰਿਸ਼ਟ ਵਤੀਰੇ ਨੂੰ ਲਾਹਨਤਾਂ ਪਾਈਆਂ ਜਾਣਗੀਆਂ ਅਤੇ ਸਰਕਾਰ ਕੋਲੋਂ ਮੰਗ ਕੀਤੀ ਜਾਵੇਗੀ ਕਿ ਇਸ ਦੇ ਸਮੇਂ ਦੌਰਾਨ ਹੋਏ ਸਾਰੇ ਕੰਮਾਂ ਦੀ ਵਿਜੀਲੈਂਸ ਜਾਂਚ ਕਰਵਾਈ ਜਾਵੇ, ਉਨ੍ਹਾਂ ਸਮੂਹ ਮੁਲਾਜ਼ਮਾਂ ਨੂੰ ਅਪੀਲ ਕੀਤੀ ਕਿ ਇਸ ਅਧਿਕਾਰੀ ਨੂੰ ਕੋਈ ਮਾਣ ਸਨਮਾਨ ਨਾ ਦਿੱਤਾ ਜਾਵੇ ਕਿਉਂਕਿ ਇਸ ਨੇ ਕੋਈ ਜਿਕਰਯੋਗ ਸੇਵਾ ਨਹੀਂ ਕੀਤੀ ਹੈ।

# ਸ੍ਰੀ ਰਾਧੇ ਸ਼ਾਮ ਸੇਵਾ ਸੰਮਤੀ ਤਾਰਾਗੜ੍ਹ ਵਲੋਂ 9 ਜੋੜਿਆਂ ਦੇ ਸਮੂਹਿਕ ਵਿਆਹ ਕਰਵਾਏ

ਤਾਰਾਗੜ੍ਹ 18 ਅਪ੍ਰੈਲ ( ਡਾ.ਰਮੇਸ਼ ਸਰੰਗਲ ) ਸ੍ਰੀ ਰਾਧੇ ਸ਼ਾਮ ਸੇਵਾ ਸੰਮਤੀ ਤਾਰਾਗੜ੍ਹ ਵਲੋਂ ਮੁੱਖ ਪ੍ਰਬੰਧਕ ਤਰਸੇਮ ਮਹਾਜਨ ਪੱਪੂ ਸ਼ਾਹ ਅਤੇ ਪ੍ਰਦੀਪ ਵਰਮਾ ਦੀ ਅਗਵਾਈ ਹੇਠ ਨੋ ਜਰੂਰਤ ਮੰਦ ਜੋੜਿਆਂ ਦੇ ਸਮੂਹਿਕ ਵਿਆਹ ਤਾਰਾਗੜ੍ਹ ਦੇ ਸ਼੍ਰੀ ਰਾਮ ਮੰਦਰ ਵਿਖੇ ਕਰਵਾਏ ਗਏ। ਇਸ ਸਮੂਹਿਕ ਵਿਆਹ ਸਮਾਰੋਹ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਮਹੰਤ ਸ਼੍ਰੀ ਰਾਮ ਪ੍ਰਕਾਸ਼ ਅਤੇ ਦੀਨਾਨਗਰ ਨਗਰ ਕੌਂਸਲ ਦੇ ਉਪ ਪ੍ਰਧਾਨ ਪ੍ਰਵੀਨ ਬਾਬਾ ਜੀ ਨੇ ਹਾਜਰ ਹੋ ਕੇ ਨਵ ਵਿਆਹੁਤਾ ਜੋੜਿਆਂ ਨੂੰ ਆਸ਼ੀਰਵਾਦ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮਾਸਟਰ ਅਜੇ ਮਹਾਜਨ ਅਤੇ ਧਰਮ ਜਾਗਰਣ ਮੰਚ ਦੇ ਵਿਭਾਗ ਪ੍ਰਮੁੱਖ ਰਿੰਪੀ ਸੂਰੀ ਨੇ ਦੱਸਿਆ ਕਿ ਸ੍ਰੀ ਰਾਧੇ ਸ਼ਾਮ ਸੇਵਾ ਸੰਮਤੀ ਵਲੋਂ ਪਿਛਲੇ ਪੰਦਰਾਂ ਸਾਲਾਂ ਤੋਂ ਤਰਸੇਮ ਮਹਾਜਨ ਜੀ ਦੀ ਅਗਵਾਈ ਹੇਠ ਰਾਮ ਨਵਮੀ ਦੇ ਪਵਿੱਤਰ ਦਿਹਾੜੇ ਦੇ ਮੌਕੇ ਤੇ ਜਰੂਰਤ ਮੰਦ ਜੋੜਿਆਂ ਦੇ ਸਮੂਹਿਕ ਵਿਆਹ ਕਰਵਾਏ ਜਾ ਰਹੇ ਹਨ ਅਤੇ ਇਸ ਕੰਮ ਵਿਚ ਉਨ੍ਹਾਂ ਨੇ ਇਲਾਕੇ ਦੇ ਲੋਕਾਂ ਦਾ ਵੀ ਪੂਰਾ ਸਹਿਯੋਗ ਮਿਲਦਾ। ਉਹਨਾਂ ਦੱਸਿਆ ਕਿ ਸਭ ਤੋਂ ਪਹਿਲਾਂ ਸੰਯੋਗ ਪੈਲੇਸ ਵਿਖੇ ਵੱਖ ਵੱਖ ਬਰਾਤਾਂ ਦਾ ਸਵਾਗਤ ਕਰਦੇ ਹੋਏ ਨਵ ਵਿਆਹੁਤਾ ਨੋ ਜੋੜਿਆਂ ਦਾ ਜੈ ਮਾਲਾ ਪ੍ਰੋਗਰਾਮ ਕਰਾਉਣ ਦੇ ਬਾਅਦ ਬਰਾਤੀਆਂ ਨੂੰ ਖਾਣਾ ਖਿਲਾਉਣ ਦੇ ਬਾਅਦ ਸ਼੍ਰੀ ਰਾਮ ਮੰਦਰ ਬੇਗੋਵਾਲ ਤਾਰਾਗੜ੍ਹ ਵਿਖੇ ਨੋ ਜੋੜਿਆਂ ਦੇ ਮੰਤਰ ਉਚਾਰਣ ਕਰਕੇ ਵਿਆਹ ਕਰਵਾਇਆ ਗਿਆ। ਇਸ ਮੌਕੇ ਤੇ ਬਤੌਰ ਮੁੱਖ ਮਹਿਮਾਨ ਹਾਜਰ ਮਹੰਤ ਰਾਮ ਪ੍ਰਕਾਸ਼ ਅਤੇ ਪ੍ਰਵੀਨ ਬਾਬਾ ਨੇ ਨਵ ਵਿਆਹੁਤਾ ਜੋੜਿਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਉਨ੍ਹਾਂ ਦੇ ਵਧੀਆ ਭਵਿੱਖ ਲਈ ਪਰਮ ਪਿਤਾ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਇਸ ਮੌਕੇ ਤੇ ਤਰਸੇਮ ਮਹਾਜਨ ਅਤੇ ਨੰਬਰਦਾਰ ਯੁਵਰਾਜ ਸਿੰਘ ਨੇ ਦੱਸਿਆ ਕਿ ਨਵ ਵਿਆਹੁਤਾ ਜੋੜਿਆਂ ਨੂੰ ਡਬਲ ਬੈੱਡ ਦੇ ਨਾਲ ਨਾਲ ਉਨ੍ਹਾਂ ਦੇ ਰੋਜਾਨਾ ਜੀਵਨ ਵਿੱਚ ਜਰੂਰੀ ਸਮਾਨ ਵੀ ਸ੍ਰੀ ਰਾਧੇ ਸ਼ਾਮ ਸੇਵਾ ਸੰਮਤੀ ਤਾਰਾਗੜ੍ਹ ਵਲੋਂ ਨਵ ਵਿਆਹੁਤਾ ਜੋੜਿਆਂ ਨੂੰ ਆਸ਼ੀਰਵਾਦ ਵਜੋਂ ਦਿੱਤਾ ਗਿਆ ਹੈ ਤਾਂਕਿ ਉਹ ਆਪਣਾ ਆਉਣ ਵਾਲਾ ਸਮਾਂ ਵਧੀਆ ਢੰਗ ਨਾਲ ਬਤੀਤ ਕਰ ਸਕਣ। ਇਸ ਮੌਕੇ ਤੇ ਪ੍ਰਦੀਪ ਵਰਮਾ ਦੀਪਾ ਮਾਸਟਰ ਅਜੇ ਮਹਾਜਨ, ਨੰਬਰਦਾਰ ਯੁਵਰਾਜ ਸਿੰਘ ਡਿੰਪਲ, ਧਰਮ ਜਾਗਰਣ ਮੰਚ ਦੇ ਵਿਭਾਗ ਸੰਯੋਜਕ ਰਿੰਪੀ ਸੂਰੀ, ਰਵਿੰਦਰ ਮਹਾਜਨ ਬਿੱਟੂ, ਜੋਗਿੰਦਰ ਪਾਲ ਬੰਬ, ਵਿਜੇ ਮਹਾਜਨ, ਸਾਬਕਾ ਸਰਪੰਚ ਸੁਭਾਸ਼ ਬਿੱਲੂ, ਸੁੱਖਾ ਜੱਟ ਭਟੋਆ, ਅਸ਼ਵਨੀ ਅੱਤਰੀ, ਡਾਕਟਰ ਪ੍ਰਬੋਧ ਮਹਾਜਨ, ਮਾਸਟਰ ਦਰਬਾਰੀ ਲਾਲ ਸ਼ਰਮਾ, ਰਮੇਸ਼ ਮਹਾਜਨ, ਪ੍ਰਵੀਨ ਮਹਾਜਨ, ਦੀਪਕ ਮਹਾਜਨ, ਰਾਕੇਸ਼ ਮਹਾਜਨ ਕਾਕਾ, ਅੰਕਿਤ ਠਾਕੁਰ ਨੇ ਵੀ ਵਿਸ਼ੇਸ਼ ਸਹਿਯੋਗ ਦਿੱਤਾ।



# ਜਿਲ੍ਹਾ ਸਵੀਪ ਟੀਮ ਵਲੋਂ ਕੈਂਪਸ ਅੰਬੈਸਡਰਾਂ ਨਾਲ ਕੀਤੀ ਮੀਟਿੰਗ

ਸਹੀਦ ਭਗਤ ਸਿੰਘ ਨਗਰ 18 ਅ੍ਰਪੈਲ (ਰਮੇਸ ਸਰਮਾ/ਮਨਪ੍ਰੀਤ ਵਾਸੂ)ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦੇ ਹੋਏ ਮੁੱਖ ਚੋਣ ਅਫਸਰ ਪੰਜਾਬ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਕਮ ਜਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਹੁਕਮਾਂ ਅਤੇ ਰਾਜੀਵ ਵਰਮਾ ਐਡੀਸ਼ਨਲ ਡਿਪਟੀ ਕਮਿਸ਼ਨਰ-ਕਮ- ਨੋਡਲ ਅਫਸਰ ਸਵੀਪ ਦੇ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਸਵੀਪ ਟੀਮ ਵਲੋਂ ਸਹਾਇਕ ਨੋਡਲ ਅਫਸਰ ਸਤਨਾਮ ਸਿੰਘ ਦੀ ਅਗਵਾਈ ਹੇਠ ਸਵੀਪ ਗਤੀਵਿਧੀਆਂ ਅਧੀਨ ਕੈਂਪਸ ਅੰਬੈਸਡਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਸਵੀਪ ਦੇ ਨੋਡਲ ਅਫਸਰ ਸਤਨਾਮ ਸਿੰਘ ਨੇ ਕਿਹਾ ਕੇ ਆਪਣੇ ਆਪਣੇ ਕਾਲਜ਼ ਵਿੱਚ ਵਿਦਿਆਰਥੀਆਂ ਨੂੰ ਵੋਟਾਂ ਬਾਰੇ ਜਾਗਰੂਕ ਕਰਨ ਲਈ ਸਾਡੀ ਪਹਿਲ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਕੈਂਪਸ ਅੰਬੈਸਡਰਾਂ ਦੀ ਨੈਤਿਕ ਡਿਊਟੀ ਬਣਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਆਪਣੀ ਵੋਟ ਆਨਲਾਈਨ ਮਾਧਿਅਮ ਦੁਆਰਾ ਬਣਵਾਉਣ ਬਾਰੇ ਦੱਸਣ ਉਹਨਾਂ ਨੂੰ ਵੋਟ ਦੀ ਵਰਤੋਂ ਕਰਨ ਲਈ ਵੀ ਪ੍ਰੇਰਿਤ ਕਰਨ।ਉਹਨਾਂ ਦੁਆਰਾ ਕਿਹਾ ਗਿਆ ਕਿ ਵਿਦਿਆਰਥੀ ਭਾਰਤ ਦੇ ਨਾਗਰਿਕ ਹੋਣ ਦੇ ਨਾਤੇ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਜਰੂਰ ਕਰਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਨੌਜਵਾਨ ਹੀ ਹਨ ਜੋ ਦੇਸ਼ ਦੇ ਲੋਕਤੰਤਰ ਨੂੰ ਬਰਕਰਾਰ ਰੱਖ ਸਕਦੇ ਹਨ।ਉਨ੍ਹਾਂ ਕਿਹਾ ਵਿਦਿਆਰਥੀ ਆਪਣੇ ਪਿੰਡਾਂ ਵਿੱਚ ਅਤੇ ਆਲੇ ਦੁਆਲੇ ਦੇ ਲੋਕਾਂ ਨੂੰ ਵੋਟ ਬਣਵਾਉਣ ਅਤੇ ਹਰ ਇੱਕ ਵਿਅਕਤੀ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਵੋਟ ਦੇ ਅਧਿਕਾਰ ਦਾ ਪ੍ਰਯੋਗ ਕਰਨ ਲਈ ਕਹਿਣ ਅਤੇ ਚੋਣ ਕਮਿਸ਼ਨ ਦੇ ਸਲੋਗਨ ਇਸ ਬਾਰ 70 ਪਾਰ ਦੇ ਤਹਿਤ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਵੋਟਿੰਗ ਟਰਨ ਆਊਟ ਨੂੰ 75 ਦੇ ਪਾਰ ਕਰਨ ਵਿੱਚ ਸਹਿਯੋਗ ਅਤੇ ਹਰ ਇੱਕ ਕੋਸ਼ਿਸ਼ ਕਰਨ। ਇਸ ਮੌਕੇ ਹਾਜ਼ਰ ਸਹਾਇਕ ਪ੍ਰੋਫੈਸਰ ਹਰਦੀਪ ਕੌਰ ਨੇ ਵਿਦਿਆਰਥੀਆਂ ਨੂੰ ਧਰਮ, ਜਾਤ ਅਤੇ ਨਸਲ ਤੋਂ ਉੱਪਰ ਉੱਠ ਕੇ ਵੋਟ ਪਾਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਜਿਹੜੇ ਵਿਦਿਆਰਥੀ 18 ਸਾਲ ਤੋਂ ਉੱਪਰ ਹਨ ਆਪਣੀ ਵੋਟ ਆਨਲਾਈਨ ਵੀ ਬਣਵਾ ਸਕਦੇ ਹਨ। ਕੰਪਿਊਟਰ ਫੈਕਲਟੀ ਉਂਕਾਰ ਸਿੰਘ ਦੁਆਰਾ ਵਿਦਿਆਰਥਨਾਂ ਨੂੰ ਵੋਟਰ ਪ੍ਰਣ ਦੁਆਇਆ ਗਿਆ। ਇਸ ਮੌਕੇ ਹਾਜ਼ਰ ਕੈਂਪਸ ਅੰਬੈਸਡਰਜ਼ ਵਲੋਂ ਸੈਲਫੀ ਪੁਆਇੰਟ ਤੇ ਕਾਫੀ ਉਤਸ਼ਾਹ ਨਾਲ਼ ਸੈਲਫੀਆਂ ਵੀ ਲਈਆਂ ਗਈਆਂ। ਇਸ ਮੌਕੇ ਭੁਵਨੇਸ਼ਵਰੀ, ਅਰਸ਼ਦੀਪ,ਰੇਖਾ, ਲੀਜ਼ਾ,ਸਿਮਰਨ,ਤਲਵੀਨ ,ਦੀਪਿਕਾ, ਪ੍ਰਨੀਤ, ਜਸਪ੍ਰੀਤ ਆਦਿ ਹਾਜ਼ਰ ਸਨ








# ਅੱਜ ਦੇ ਸੰਸਾਰ ਵਿੱਚ ਸਿੱਖਿਆ ਦੀ ਮਹੱਤਤਾ



ਇਹ ਜਾਣਿਆ-ਪਛਾਣਿਆ ਤੱਥ ਹੈ ਕਿ ਸਿੱਖਿਆ ਤੁਹਾਡੀ ਪੂਰੀ ਜ਼ਿੰਦਗੀ ਨੂੰ ਬਦਲਣ ਦੀ ਤਾਕਤ ਰੱਖਦੀ ਹੈ। ਸਿੱਖਣ ਨਾਲ ਤੁਹਾਡੀ ਸੋਚਣ ਦੀ ਸਮਰੱਥਾ ਅਤੇ ਧਾਰਨਾ ਬਦਲ ਜਾਂਦੀ ਹੈ। ਤੁਸੀਂ ਪੜ੍ਹਾਉਣ ਅਤੇ ਸਿੱਖਣ ਦੇ ਕਾਰਨ ਪੂਰਵ ਧਾਰਨਾਵਾਂ ਨੂੰ ਤੋੜਦੇ ਹੋ। ਸਿੱਖਣ ਵਿੱਚ ਇਹ ਅੰਤਰ ਤੁਹਾਨੂੰ ਬਿਨਾਂ ਕਿਸੇ ਪੱਖਪਾਤ ਦੇ ਦੂਜਿਆਂ ਨਾਲ ਗੱਲਬਾਤ ਕਰਨ ਅਤੇ ਤੁਹਾਡੇ ਦੂਰੀ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ। ਸਿੱਖਿਆ ਦਾ ਕੰਮ ਬਿਹਤਰ ਅਤੇ ਆਲੋਚਨਾਤਮਕ ਤੌਰ 'ਤੇ ਸੋਚਣਾ ਅਤੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਅਤੇ ਵਿਚਾਰ ਵਿਕਸਿਤ ਕਰਨ ਵਿੱਚ ਮਦਦ ਕਰਨਾ ਹੈ। ਇਹ ਤੁਹਾਨੂੰ ਦੂਜਿਆਂ ਤੋਂ ਆਦਰ ਪ੍ਰਾਪਤ ਕਰਨ ਅਤੇ ਤੁਹਾਡੇ ਦਿਮਾਗ ਨੂੰ ਤਿੱਖਾ ਕਰਨ ਵਿੱਚ ਮਦਦ ਕਰ ਸਕਦਾ ਹੈ।

ਸਿੱਖਿਆ ਸਮਾਜ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਹੈ। ਸਮਾਜ ਵਿੱਚ ਵੱਖ-ਵੱਖ ਮਾਨਸਿਕਤਾ ਵਾਲੇ ਵੱਖ-ਵੱਖ ਕਿਸਮਾਂ ਦੇ ਲੋਕ ਹੁੰਦੇ ਹਨ। ਵਿਚਾਰਾਂ ਦੀ ਬਹੁਤਾਤ ਵਾਲਾ ਵਿਅਕਤੀ ਸਮਾਜ, ਰਾਜਨੀਤੀ ਅਤੇ ਵਾਤਾਵਰਣ ਵਰਗੇ ਵੱਖ-ਵੱਖ ਵਿਸ਼ਿਆਂ 'ਤੇ ਚਰਚਾ ਕਰ ਸਕਦਾ ਹੈ। ਸਿੱਖਿਆ ਦੁਆਰਾ ਪ੍ਰਾਪਤ ਕੀਤਾ ਗਿਆ ਗਿਆਨ ਤੁਹਾਨੂੰ ਸਹੀ ਫੈਸਲਾ ਲੈਣ ਅਤੇ ਸਹੀ ਰਸਤੇ 'ਤੇ ਚੱਲਣ ਵਿੱਚ ਮਦਦ ਕਰਨ ਵਿੱਚ ਸ਼ਕਤੀਸ਼ਾਲੀ ਹੈ।

ਸਿੱਖਿਆ ਮੁੱਦਿਆਂ ਨੂੰ ਸੁਲਝਾਉਣ ਵਿੱਚ ਮਦਦ ਕਰਦੀ ਹੈ। ਸਮੱਸਿਆਵਾਂ ਹਮੇਸ਼ਾ ਹੱਲਾਂ ਨਾਲ ਆਉਂਦੀਆਂ ਹਨ, ਪਰ ਉਹਨਾਂ ਨੂੰ ਹੱਲ ਕਰਨਾ ਹਮੇਸ਼ਾ ਉਲਝਣ ਵਾਲਾ ਅਤੇ ਔਖਾ ਹੋ ਸਕਦਾ ਹੈ, ਜਿੱਥੇ ਸਿੱਖਿਆ ਮਦਦ ਕਰਦੀ ਹੈ। ਇੱਕ ਪੜ੍ਹਿਆ-ਲਿਖਿਆ ਵਿਅਕਤੀ ਹਰ ਸਮੱਸਿਆ ਦਾ ਕਿਉਂ, ਕੀ ਅਤੇ ਕਿਵੇਂ ਜਵਾਬ ਦੇ ਸਕਦਾ ਹੈ। ਸਮੱਸਿਆ-ਹੱਲ ਕਰਨ ਦਾ ਰਵੱਈਆ ਉਸ ਨੂੰ ਬਾਕੀਆਂ ਨਾਲੋਂ ਉੱਪਰ ਰੱਖੇਗਾ।

ਸਿੱਖਿਆ ਗਰੀਬੀ ਨੂੰ ਦੂਰ ਕਰਨ ਵਿੱਚ ਮਦਦ ਕਰਦੀ ਹੈ। ਗਰੀਬੀ ਦੇ ਕਾਰਨ, ਲੋਕ ਕਈ ਵਾਰ ਆਪਣੀ ਪੜ੍ਹਾਈ ਬੰਦ ਕਰ ਦਿੰਦੇ ਹਨ ਕਿਉਂਕਿ ਉਹ ਇਸਨੂੰ ਪੂਰਾ ਨਹੀਂ ਕਰ ਸਕਦੇ। ਪਰ ਜੇ ਤੁਸੀਂ ਆਪਣੀ ਪੜ੍ਹਾਈ ਪੂਰੀ ਕਰ ਲਈ ਹੈ, ਤਾਂ ਇਹ ਤੁਹਾਡੀ ਕਮਾਈ ਨੂੰ ਵਧਾਉਂਦਾ ਹੈ, ਗਰੀਬੀ ਨੂੰ ਦੂਰ ਕਰਦਾ ਹੈ।

ਸਿੱਖਿਆ ਬੇਇਨਸਾਫ਼ੀ ਵਿਰੁੱਧ ਲੜਨ ਦੀ ਤਾਕਤ ਦਿੰਦੀ ਹੈ। ਜੇਕਰ ਕੁਝ ਗਲਤ ਹੁੰਦਾ ਹੈ ਜਾਂ ਬੇਇਨਸਾਫ਼ੀ ਹੁੰਦੀ ਹੈ, ਤਾਂ ਇੱਕ ਸੱਚਾ ਪੜ੍ਹਿਆ-ਲਿਖਿਆ ਵਿਅਕਤੀ ਗਲਤ ਕੰਮਾਂ ਦੇ ਵਿਰੁੱਧ ਲੜਦਾ ਹੈ ਅਤੇ ਬੇਇਨਸਾਫ਼ੀ ਦੇ ਵਿਰੁੱਧ ਖੜ੍ਹੇ ਹੋਣ ਤੋਂ ਝਿਜਕਦਾ ਨਹੀਂ ਹੈ।

ਸਿੱਖਿਆ ਗਿਆਨ ਪ੍ਰਦਾਨ ਕਰਨ ਵਿੱਚ ਮਦਦ ਕਰਦੀ ਹੈ। ਸਾਨੂੰ ਆਪਣੇ ਆਲੇ-ਦੁਆਲੇ ਅਤੇ ਸਮਾਜ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ ਤਾਂ ਜੋ ਕੁਝ ਸੁਧਾਰ ਕੀਤੇ ਜਾ ਸਕਣ। ਸੰਸਾਰ ਦਾ ਗਿਆਨ ਜ਼ਰੂਰੀ ਹੈ ਤਾਂ ਜੋ ਤੁਸੀਂ ਆਪਣੇ ਆਲੇ ਦੁਆਲੇ ਕੀ ਹੋ ਰਿਹਾ ਹੈ ਇਸ ਬਾਰੇ ਚੰਗੀ ਤਰ੍ਹਾਂ ਜਾਣੂ ਹੋਵੋ ਅਤੇ ਤਬਦੀਲੀ ਲਿਆ ਸਕੋ। ਇਹ ਨਾ ਸਿਰਫ਼ ਸਾਨੂੰ ਜਾਣਕਾਰੀ ਪ੍ਰਦਾਨ ਕਰਦੀ ਹੈ ਸਗੋਂ ਗਿਆਨ ਵੀ ਪ੍ਰਦਾਨ ਕਰਦੀ ਹੈ। ਸਿੱਖਿਆ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰਦਾ ਹੈ। ਸਮੱਸਿਆ ਭਾਵੇਂ ਕੋਈ ਵੀ ਹੋਵੇ, ਭਾਵੇਂ ਉਹ ਸਮਾਜਿਕ, ਆਰਥਿਕ, ਰਾਜਨੀਤਿਕ ਜਾਂ ਡਾਕਟਰੀ ਤੌਰ 'ਤੇ ਸਿੱਖਿਅਤ ਲੋਕ ਹਮੇਸ਼ਾ ਹੱਲ ਲੱਭਦੇ ਹਨ। ਇਹੀ ਕਾਰਨ ਹੈ ਕਿ ਕਿਸੇ ਵੀ ਸਰਕਾਰੀ ਜਾਂ ਨਿੱਜੀ ਖੇਤਰ ਦੇ ਅਹੁਦੇ ਲਈ ਅਪਲਾਈ ਕਰਦੇ ਸਮੇਂ, ਨਵੇਂ ਅਹੁਦਿਆਂ 'ਤੇ ਸਕੇਲ ਕਰਨ ਅਤੇ ਆਪਣੇ ਲਈ ਇੱਕ ਸਥਾਨ ਬਣਾਉਣ ਲਈ ਆਪਣੀ ਕਲਾ ਸਿੱਖਣਾ ਸਭ ਤੋਂ ਵਧੀਆ ਹੈ।

ਸਿੱਖਿਆ ਜਨੂੰਨ ਦਾ ਪਾਲਣ ਕਰਨ ਵਿੱਚ ਮਦਦ ਕਰਦੀ ਹੈ। ਜਦੋਂ ਤੁਸੀਂ ਪੜ੍ਹੇ-ਲਿਖੇ ਹੁੰਦੇ ਹੋ ਅਤੇ ਆਪਣੇ ਜਨੂੰਨ ਦੀ ਪਾਲਣਾ ਕਰਨਾ ਚਾਹੁੰਦੇ ਹੋ, ਤਾਂ ਸਿੱਖਿਆ ਤੁਹਾਨੂੰ ਅਜਿਹਾ ਕਰਨ ਦੀ ਇਜਾਜ਼ਤ ਦਿੰਦੀ ਹੈ। ਇਹ ਤੁਹਾਡੀ ਦਿਲਚਸਪੀ ਦੇ ਖੇਤਰ ਵਿੱਚ ਨਵੇਂ ਅਧਿਐਨ ਖੇਤਰ ਲੱਭਣ ਵਿੱਚ ਵੀ ਤੁਹਾਡੀ ਮਦਦ ਕਰ ਸਕਦੀ ਹੈ।

ਅੰਤ ਵਿੱਚ, ਇਹ ਤੁਹਾਨੂੰ ਤੁਹਾਡੀ ਸਿੱਖਿਆ ਪੂਰੀ ਕਰਨ, ਤੁਹਾਡੇ ਜਨੂੰਨ ਦੀ ਪਾਲਣਾ ਕਰਨ ਅਤੇ ਆਪਣੇ ਆਪ ਤੋਂ ਕੁਝ ਬਣਾਉਣ ਤੋਂ ਬਾਅਦ ਪ੍ਰਾਪਤੀ ਦੀ ਭਾਵਨਾ ਪ੍ਰਦਾਨ ਕਰਦੀ ਹੈ।

ਸਿੱਖਿਆ ਹੁਨਰ ਦੇ ਨਿੱਜੀ ਵਿਕਾਸ ਵਿੱਚ ਤੁਹਾਡੀ ਮਦਦ ਕਰਦੀ ਹੈ। ਵਿਦਿਆਰਥੀਆਂ ਨੂੰ ਪੜ੍ਹਾਈ ਦੌਰਾਨ ਹੁਨਰ ਸੈੱਟਾਂ ਅਤੇ ਕੋਰਸਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਵਿੱਚੋਂ ਲੰਘਣ ਲਈ ਤਿਆਰ ਕੀਤਾ ਜਾਂਦਾ ਹੈ, ਜੋ ਉਹਨਾਂ ਨੂੰ ਆਪਣੀ ਸ਼ਖਸੀਅਤ ਨੂੰ ਢਾਲਣ ਦੇ ਯੋਗ ਬਣਾਉਂਦਾ ਹੈ। ਪਾਠਕ੍ਰਮ ਤੋਂ ਬਾਹਰਲੀਆਂ ਅਤੇ ਖੇਡਾਂ ਤੁਹਾਨੂੰ ਆਪਣੇ ਸਮਾਜਿਕ ਹੁਨਰ ਨੂੰ ਬਿਹਤਰ ਬਣਾਉਣ ਦੀ ਇਜਾਜ਼ਤ ਦਿੰਦੀਆਂ ਹਨ। ਇਹ ਹੋਰ ਬਿਹਤਰ ਸੰਚਾਰ ਵਿੱਚ ਮਦਦ ਕਰਦੀ ਹੈ ਕਿਉਂਕਿ ਸਾਥੀਆਂ ਅਤੇ ਸਮੂਹ ਗਤੀਵਿਧੀਆਂ ਵਿੱਚ ਆਪਸੀ ਤਾਲਮੇਲ ਹੁੰਦਾ ਹੈ। ਸਮੂਹ ਪ੍ਰੋਜੈਕਟਾਂ ਦੁਆਰਾ ਪ੍ਰਾਪਤ ਕੀਤਾ ਗਿਆ ਸ਼ਾਨਦਾਰ ਲਿਖਤੀ ਸੰਚਾਰ ਹੁਨਰਾਂ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਦੀ ਹੈ।

ਸਿੱਟੇ ਵਜੋਂ, ਸਿੱਖਿਆ ਤੁਹਾਨੂੰ ਇੱਕ ਬਿਹਤਰ ਵਿਅਕਤੀ ਬਣਾਉਂਦੀ ਹੈ ਅਤੇ ਤੁਹਾਡੀ ਸਮੁੱਚੀ ਸ਼ਖਸੀਅਤ ਨੂੰ ਵਿਕਸਤ ਕਰਨ ਵਿੱਚ ਮਦਦ ਕਰਦੀ ਹੈ।

# ਕਿਸਾਨ ਦੇ ਪਰਿਵਾਰ ਨੂੰ ਬਣਦਾ ਮੁਆਵਜ਼ਾ ਅਤੇ ਸਰਕਾਰੀ ਨੌਕਰੀ ਦੀ ਮੰਗ ਨੂੰ ਲੈ ਕੇ ਮ੍ਰਿਤਕ ਕਿਸਾਨ ਦੀ ਦੇਹ ਨੂੰ ਕਿਸਾਨ ਜਥੇਬੰਦੀਆਂ ਨੇ ਥਾਣੇ ਸਰਾਏ ਅਮਾਨਤ ਖਾਂ ਅੱਗੇ ਰੱਖ ਕੇ ਲਗਾਇਆ ਧਰਨਾ





ਝਬਾਲ : ਅੱਜ ਸਵੇਰੇ ਥਾਣਾ ਸਰਾਏ ਅਮਾਨਤ ਖਾਂ ਅਧੀਨ ਆਉਂਦੇ ਪਿੰਡ ਸ਼ੁਕਰਚੱਕ ਦੇ ਵਸਨੀਕ ਇੱਕ ਕਿਸਾਨ ਸੁਖਰਾਜ ਸਿੰਘ ਵੱਲੋਂ ਕਰਜ਼ੇ ਤੋਂ ਤੰਗ ਆਕੇ ਫਾਹ ਲੈ ਕੇ ਕੀਤੀ ਗਈ ਆਤਮਹੱਤਿਆ ਤੋਂ ਬਾਅਦ ਬੇਸ਼ੱਕ ਪੁਲਿਸ ਨੇ ਸੰਬੰਧਿਤ ਆੜਤੀ ਅਤੇ ਬੈਂਕ ਬਰਾਚ ਵਿਰੁੱਧ ਕੇਸ ਦਰਜ ਕਰ ਦਿੱਤਾ ਹੈ ।ਪਰੰਤੂ ਦੂਸਰੇ ਪਾਸੇ ਕਿਸਾਨ ਜਥੇਬੰਦੀਆਂ ਜਿਨਾਂ ਵਿੱਚ ਭਾਰਤੀ ਕਿਸਾਨ ਯੂਨੀਅਨ ਡਕੌਂਦਾ ,ਜਮਹੂਰੀ ਕਿਸਾਨ ਸਭਾ ਅਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਆਦਿ ਜਥੇਬੰਦੀਆਂ ਵੱਲੋਂ ਕਿਸਾਨ ਆਗੂ ਜਸਬੀਰ ਸਿੰਘ ਗੱਡੀਵਿੰਡ ,ਜਸਬੀਰ ਸਿੰਘ ਚੀਮਾ, ਹਰਦੀਪ ਸਿੰਘ ਰਸੂਲਪੁਰ ਆਦਿ ਦੀ ਅਗਵਾਈ ਵਿੱਚ ਮ੍ਰਿਤਕ ਕਿਸਾਨ ਦੀ ਦੇਹ ਨੂੰ ਥਾਣਾ ਸਰਾਏ ਅਮਾਨਤ ਖਾ ਅੱਗੇ ਰੱਖ ਕੇ ਧਰਨਾ ਲਗਾਉਂਦਿਆਂ ਨਾਰੇਬਾਜ਼ੀ ਕੀਤੀ। ਇਸ ਸਮੇਂ ਉਪਰੋਕਤ ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਅੱਜ ਕਿਸਾਨ ਕਰਜੇ ਹੇਠ ਦੱਬੇ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ। ਇਸ ਲਈ ਉਪਰੋਕਤ ਕਿਸਾਨਾਂ ਨੇ ਮੰਗ ਕੀਤੀ ਕਿ ਮ੍ਰਿਤਕ ਕਿਸਾਨ ਸੁਖਰਾਜ ਸਿੰਘ ਦੇ ਪਰਿਵਾਰ ਨੂੰ ਸਰਕਾਰ ਖ਼ੁਦਕਸ਼ੀਆਂ ਵਾਲੇ ਖਾਤੇ ਵਿੱਚ ਪਾ ਕੇ ਮ੍ਰਿਤਕ ਕਿਸਾਨ ਦਾ ਸਮੁੱਚਾ ਕਰਜ਼ਾ ਮੁਆਫ ਕੀਤਾ ਜਾਵੇ ,ਆੜਤੀ ਅਤੇ ਬੈਂਕ ਦਾ ਸਮੁੱਚਾ ਕਰਜਾ ਸਰਕਾਰ ਆਪ ਦੇਵੇ ਅਤੇ ਸਰਕਾਰ ਮ੍ਰਿਤਕ ਕਿਸਾਨ ਦੇ ਪਰਿਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ ਤੋਂ ਇਲਾਵਾ ਪਰਿਵਾਰ ਨੂੰ 10 ਲੱਖ ਰੂਪੈ ਮੁਆਵਜ਼ਾ ਦਿੱਤਾ ਜਾਵੇ ।ਕਿਸਾਨ ਆਗੂਆਂ ਨੇ ਕਿਹਾ ਕਿ ਜਿੰਨਾ ਚਿਰ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਉਹਨਾਂ ਚਿਰ ਤੱਕ ਮ੍ਰਿਤਕ ਕਿਸਾਨ ਦਾ ਅੰਤਿਮ ਸੰਸਕਾਰ ਨਹੀਂ ਕੀਤਾ ਜਾਵੇਗਾ ਅਤੇ ਥਾਣੇ ਅੱਗੇ ਧਰਨਾ ਲਗਾਤਾਰ ਜਾਰੀ ਰਹੇਗਾ। ਇਸ ਮੌਕੇ ਡੀ ਐੱਸ ਪੀ ਸਿੱਟੀ ਤਰਸੇਮ ਮਸੀਹ ਅਤੇ ਨਾਇਬ ਤਹਿਸੀਲਦਾਰ ਇਕਬਾਲ ਸਿੰਘ ਝਬਾਲ ਪਹੁੰਚੇ ਜਿਥੇ ਕਿਸਾਨ ਜਥੇਬੰਦੀਆਂ ਵੱਲੋਂ ਰੱਖੀ ਮੀਟਿੰਗ ਬੇਸਿੱਟਾ ਰਹੀ ਖ਼ਬਰ ਲਿਖੇ ਜਾਣ ਤੱਕ ਧਰਨਾ ਜਾਰੀ ਰਿਹਾ। ਇਸ ਸਮੇਂ ਧਰਨੇ ਵਿੱਚ , ਗੁਰਬਿੰਦਰ ਸਿੰਘ, ਗੁਰਭੇਜ ਸਿੰਘ ਚੀਮਾ, ਸਰਪੰਚ ਕੁਲਜੀਤ ਸਿੰਘ ਚੀਮਾ, ਸਾਬਕਾ ਸਰਪੰਚ ਮਲਕੀਤ ਸਿੰਘ ਚੀਮਾ, ਸਰਪੰਚ ਸਰਵਣ ਸਿੰਘ ਸੋਹਲ, ਕਾਮਰੇਡ ਦਵਿੰਦਰ ਕੁਮਾਰ ਸੋਹਲ,ਤਰਸੇਮ ਸਿੰਘ ਸੋਹਲ,ਬਚਿੱਤਰ ਸਿੰਘ ਚੀਮਾ, ਮੁਖਵਿੰਦਰ ਸਿੰਘ ਚੀਮਾ, ਮੋਹਕਮ ਸਿੰਘ, ਰਵਿੰਦਰ ਸਿੰਘ ਚੀਮਾ, ਸੁਖਵਿੰਦਰ ਸਿੰਘ ਦੋਦੀ, ਰਣਧੀਰ ਸਿੰਘ, ਮੁਖਤਿਆਰ ਸਿੰਘ, ਬਚਿੱਤਰ ਸਿੰਘ ਸਰਾ, ਬਲਦੇਵ ਸਿੰਘ ਚੀਮਾ, ਬਾਬਾ ਸੰਦੀਪ ਸਿੰਘ, ਨਿਰਮਲ ਸਿੰਘ ਸਰਾ, ਗੇਜਾ ਸਿੰਘ ਚੀਮਾ, ਹੀਰਾ ਸਿੰਘ ਗੰਡੀਵਿੰਡ, ਗੁਰਵੇਲ ਸਿੰਘ ਲਹੀਆ,ਸਰਪੰਚ ਗੁਰਸੇਵਕ ਸਿੰਘ ਚੀਮਾ, ਦਰਸ਼ਨ ਕੋਰ, ਪਤਨੀ ਹਰਵਿੰਦਰ ਕੌਰ, ਰਜਿੰਦਰ ਕੌਰ, ਬਲਜੀਤ ਕੌਰ, ਮਨਜੀਤ ਕੌਰ ਆਦਿ ਹਾਜ਼ਰ ਸਨ।

# ਲਾਲਜੀਤ ਸਿੰਘ ਭੁੱਲਰ ਦੀ ਜਿੱਤ ਲਈ ਵਿਧਾਨ ਸਭਾ ਹਲਕਾ ਖੱਡੂਰ ਸਾਹਿਬ ਵਿੱਚ ਯੂਥ ਵੱਲੋਂ ਇੱਕ ਵਿਸ਼ਾਲ ਮੋਟਰਸਾਈਕਲ ਰੈਲੀ ਕੱਢੀ



ਤਰਨਤਾਰਨ : ਵਿਧਾਨ ਸਭਾ ਹਲਕਾ ਖੱਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਦੇ ਇੱਕ ਮੋਟਰਸਾਈਕਲ ਵਾਲੀ ਕੱਢੀ ਗਈ ਜਿਸ ਦੀ ਰਹਿਨੁਮਾਈ ਜੂਥ ਪ੍ਰਧਾਨ ਹਲਕਾ ਖਡੂਰ ਸਾਹਿਬ ਨਿਰਮਲ ਸਿੰਘ ਢੋਟੀ ਵੱਲੋਂ ਕੀਤੀ ਗਈ ਇਸ ਵਿੱਚ ਵਿਸ਼ੇਸ਼ ਤੌਰ ਤੇ ਜ਼ਿਲ੍ਹਾ ਯੂਥ ਪ੍ਰਧਾਨ ਅੰਗਦ ਸਿੰਘ ਸੋਹਲ ,ਜ਼ਿਲਾ ਪ੍ਰਧਾਨ ਚੇਅਰਮੈਨ ਗੁਰਵਿੰਦਰ ਸਿੰਘ ਬਹਿਲਵਾੜ, ਚੇਅਰਮੈਨ ਨਗਰ ਸੁਧਾਰ ਟਰਸਟ ਰਜਿੰਦਰ ਸਿੰਘ ਉਸਮਾ , ਮੈਂਬਰ ਪੰਜਾਬ ਮੰਡੀ ਬੋਰਡ ਹਰਪ੍ਰੀਤ ਸਿੰਘ ਧੁੰਨਾ ਅਤੇ,ਜ਼ਿਲ੍ਹਾ ਯੂਥ ਵਿੰਗ ਵਾਈਸ ਪ੍ਰਧਾਨ ਰੁਪਿੰਦਰ ਕੌਰ ਸੰਧੂ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ। ਰੈਲੀ ਵਿੱਚ ਸੈਂਕੜੇ ਮੋਟਰਸਾਈਕਲ ਦੇ ਕਾਫਲੇ ਨਾਲ ਸੈਂਕੜੇ ਦੀ ਗਿਣਤੀ ਵਿੱਚ ਨੌਜਵਾਨਾਂ ਨੇ ਹਿੱਸਾ ਲਿਆ ਅਤੇ ਲਾਲਜੀਤ ਸਿੰਘ ਭੁੱਲਰ ਦੇ ਹੱਕ ਵਿੱਚ ਪ੍ਰਚਾਰ ਕੀਤਾ। ਮੋਟਰਸਾਈਕਲ ਰੈਲੀ ਖਡੂਰ ਸਾਹਿਬ ਦਾਣਾ ਮੰਡੀ ਤੋਂ ਸ਼ੁਰੂ ਹੋ ਕੇ ਫਤਿਹਾਬਾਦ ਅਤੇ ਗੋਇੰਦਵਾਲ ਸਾਹਿਬ ਆ ਕੇ ਸਮਾਪਤ ਕੀਤੀ ਗਈ ਇਸ ਮੌਕੇ ਤੇ ਨੌਜਵਾਨ ਆਗੂ ਨਿਰਮਲ ਸਿੰਘ ਢੋਟੀ ਨੇ ਕਿਹਾ ਕਿ ਕੀ ਤੁਹਾਡੇ ਸਹਿਯੋਗ ਨਾਲ ਇਸ ਇਲੈਕਸ਼ਨ ਵਿੱਚ ਆਮ ਆਦਮੀ ਪਾਰਟੀ ਵਿਧਾਨ ਸਭਾ ਇਲੈਕਸ਼ਨ ਨਾਲੋਂ ਡਬਲ ਲੀਡ ਹਾਸਲ ਕਰੇਗੀ ਕਿਉਂਕਿ ਲੋਕਾਂ ਦੇ ਜੀਵਨ ਨੂੰ ਸਿਖਾਲਾ ਬਣਾਉਣ ਲਈ ਆਮ ਆਦਮੀ ਪਾਰਟੀ ਨੇ ਲੋਕਾਂ ਲਈ ਯੋਗ ਪ੍ਰਬੰਧ ਕੀਤਾ ਹੈ ਆਮ ਆਦਮੀ ਪਾਰਟੀ ਵੱਲੋਂ ਵੱਖ-ਵੱਖ ਖਿੱਤਿਆਂ ਚ ਕੀਤੇ ਕੰਮ ਕੰਮਾਂ ਨੇ ਲੋਕਾਂ ਦਾ ਸਾਹ ਸਿਖਾਲਾ ਕੀਤਾ ਹੈ ਗੁੰਡਾਗਰਦੀ ਦੇ ਨਾਲ ਨਾਲ ਦਫਤਰਾਂ ਵਿੱਚ ਵੀ ਲੋਕਾਂ ਦੀ ਲੁੱਟ ਕਸੁੱਟ ਘਟੀ ਹੈ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਨਿੱਕੇ ਨਿੱਕੇ ਖਿਤਿਆਂ ਦਾ ਵੀ ਧਿਆਨ ਰੱਖਿਆ ਜਾ ਰਿਹਾ ਹੈ ਕਿਉਂਕਿ ਉਹ ਪੰਜਾਬ ਦੇ ਲੋਕਾਂ ਦਾ ਜੀਵਨ ਸਥਰ ਉੱਚਾ ਚੁੱਕਣਾ ਚਾਹੁੰਦੇ ਹਨ ਇਸ ਕੰਮ ਨੂੰ ਹੋ ਸਕਦਾ ਥੋੜਾ ਸਮਾਂ ਲੱਗੇ ਪਰ ਉਹਨਾਂ ਦੀ ਨੀਅਤ ਅਤੇ ਨੀਤੀ ਵਿੱਚ ਕੋਈ ਫਰਕ ਨਹੀਂ ਹੈ ਬੀਬੀਆਂ ਨੂੰ ਹਜ਼ਾਰ ਰੁਪਏ ਮਹੀਨੇ ਵਾਲੇ ਸਵਾਲ ਦਾ ਜਵਾਬ ਦਿੰਦੇ ਹੋਏ ਮੈਂਬਰ ਮੰਡੀ ਬੋਰਡ ਪੰਜਾਬ ਹਰਪ੍ਰੀਤ ਸਿੰਘ ਧੁੰਨਾ ਨੇ ਕਿਹਾ ਕਿ ਇਹ ਹਜਾਰ ਰੁਪਏ ਵਾਲੀ ਪੋਲਸੀ ਜਲਦ ਲਾਗੂ ਹੋ ਜਾਵੇਗੀ ਸਰਕਾਰ ਨੇ ਇਸ ਨੂੰ ਪਿਛਲੇ ਸਮੇਂ ਵਿੱਚ ਹੀ ਲਾਗੂ ਕਰ ਦੇਣਾ ਸੀ ਪਰ ਪਿਛਲੀਆਂ ਸਰਕਾਰਾਂ ਦਾ ਖਜ਼ਾਨੇ ਤੇ ਪਾਇਆ ਵਾਧੂ ਬੋਝ ਹੀ ਲੋਕਾਂ ਦੇ ਇਸ ਹਜਾਰ ਰੁਪਏ ਵਾਲੀ ਯੋਜਨਾ ਚ ਦੇਰੀ ਦਾ ਕਾਰਨ ਬਣਿਆ ਕਿਉਂਕਿ ਇਹ ਖਜ਼ਾਨੇ ਨੂੰ ਖਾਲੀ ਪੀਪੇ ਦੀ ਤਰ੍ਹਾਂ ਪਿਛਲੀਆਂ ਸਰਕਾਰਾਂ ਨੇ ਪੰਜਾਬ ਸਰਕਾਰ ਦੇ ਹਵਾਲੇ ਕੀਤਾ ਸੀ ਜਿਸ ਨੂੰ ਭਰਨ ਵਿੱਚ ਪੰਜਾਬ ਸਰਕਾਰ ਹੌਲੀ ਹੌਲੀ ਕਾਮਯਾਬ ਹੋ ਰਹੀ ਹੈ।ਅਮਰਿੰਦਰ ਸਿੰਘ ਐਮੀ ਗੁਰਪ੍ਰੀਤ ਸਿੰਘ ਗੋਰਾ ਪੰਜਾਬ ਸਿੰਘ ਮਨਦੀਪ ਸਿੰਘ ਮਾਨੋਚਾਲ ਜਿੰਦਾ ਵਰਿਆ ਸੰਮਾ ਜੌਹਲ ਤਜਿੰਦਰ ਹੈਰੀ ਨਿਸ਼ਾਨ ਸਿੰਘ ਖਵਾਸਪੁਰ ਡਾਕਟਰ ਹਰਨੇਕ ਸਿੰਘ ਗੁਰਜੰਟ ਸਿੰਘ ਮੋਹਨਪੁਰਾ ਕੁਲਦੀਪ ਸਿੰਘ ਰਸੂਲਪੁਰ ਲਸਕਰ ਜੀਓ ਬਾਲਾ ਲਾਭ ਮੁੰਡਾ ਪਿੰਡ ਮਨਦੀਪ ਅਲਾਵਲਪੁਰ ਕਰਨ ਭਰੋਵਾਲ ਸਕੱਤਰ ਦੁਲਜੀਪੁਰ ਕੇਵਲ ਚੋਹਲਾ ਸਾਹਿਬ ਗੁਰਸ਼ਰਨ ਫਤਿਹਾਬਾਦ ਸੁੱਖਦਿਆਲ ਕਰਮੂਵਾਲਾ ਬਲਜਿੰਦਰ ਸਿੰਘ ਗੋਇੰਦਵਾਲ ਸਾਹਿਬ ਸਾਹਿਲ ਧੰਜੂ ਬਲਜੀਤ ਸਿੰਘ ਆਦਿ ਹੋਰ ਵੀ ਸੈਂਕੜੇ ਨੌਜਵਾਨ ਸਾਥੀ ਹਾਜ਼ਰ ਸਨ।




ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖ਼ਬਰਾਂ, ਰਿਪੋਰਟਾਂ , ਲੇਖ , ਕਹਾਣੀਆਂ , ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ , ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇਨਾਂ ਨੂੰ ਤਸਦੀਕ ਨਹੀਂ ਕਰਦਾ । ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ । ਰੋਜ਼ਾਨਾ ਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ , ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜਿੰਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ ।

Daily Lok Bani (Punjabi) R.N.I. Punpun 29016 , 2008 Editor,Onwer , Printer, Publisher , Amandeep Mehra ,Printed at Rachna Printers , Railway Road Jalandhar Place of Publication : 308 Sangam Complex Milap Chowk , Jalandhar (India) , Contact No. : 0181-2211009 , Fax : 2211009 , Email Id : lokbani08@gmail.com